# ਸਮਰਪਣ

ਗੁਰਬਾਣੀ ਦੇ ਆਧਾਰ 'ਤੇ ਕੀਤੀ ਵਿਚਾਰ ਰਾਹੀਂ ਅਸੀਂ ਸਮਝਦੇ ਆ ਰਹੇ ਹਾਂ ਕਿ ਸਤਿਗੁਰ, (divine wisdom) ਅਨੁਸਾਰ ਮਨੁੱਖ ਨੂੰ ਨਵਾਂ ਜਨਮ (ਆਤਮਕ ਜੀਵਨ) ਪ੍ਰਾਪਤ ਹੁੰਦਾ ਹੈ। ਗੁਰਬਾਣੀ ਨੂੰ ਸਹਿਜ ਨਾਲ ਸਮਝ ਵਿਚਾਰ ਕੇ ਪੜੀਏ ਤਾਂ ਪਤਾ ਲਗਦਾ ਹੈ ਕਿ ਗੁਰੂ ਗ੍ਰੰਥ ਸਾਹਿਬ 'ਚ ਸਰੀਰਕ ਮਰਨ ਮਗਰੋਂ ਅਤੇ ਸਰੀਰਕ ਜਨਮ ਤੋਂ ਪਹਿਲਾਂ, ਰੱਬ ਜੀ ਦੀਆਂ ਕਰਨੀਆਂ ਬਾਰੇ ਕੁਝ ਵੀ ਬਿਆਨ ਨਹੀਂ ਕੀਤਾ ਗਿਆ ਬਲਕਿ ਪ੍ਰਚਲਤ ਖਿਆਲਾਂ, ਬੋਲੀਆਂ (ਅਨੇਕਾਂ ਧਰਮਾਂ ਦੀਆਂ ਵਿਚਾਰਧਾਰਾਵਾਂ) ਦੇ (metaphors) ਲਫ਼ਜ਼ਾਂ ਨੂੰ ਵਰਤ ਕੇ ਕੇਵਲ ਮਨੁੱਖ ਨੂੰ ਵਰਤਮਾਨ ਜੀਵਨੀ ਦੇ ਕਰਮਾਂ ਬਾਰੇ, ਸੁਚੇਤ ਕਰਵਾਇਆ ਹੈ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜਨ ਵੇਲੇ 'ਵਰਤਮਾਨ' ਜੀਵਨ ਨੂੰ ਸੋਧਣ (fix up) ਦੇ ਬਦਲੇ, ਹੂਬਹੂ ਲਫ਼ਜ਼ਾਂ ਦੇ ਅਰਥ ਜੇ ਕਰ ਪੁਰਾਤਨ ਪ੍ਰਚਲਤ ਵਿਚਾਰਾਂ ਅਨੁਸਾਰ ਕਰਦੇ ਹਾਂ ਤਾਂ ਅਸੀਂ ਇਹ ਭੁਲ ਜਾਂਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰੱਬੀ ਰਜ਼ਾ ਅੱਗੇ ਸਮਰਪਣ ਕਰਨਾ ਸਿਖਾਉਂਦੀ ਹੈ ਅਤੇ ਇਹੋ ਦ੍ਰਿੜ੍ਹ ਕਰਵਾਉਂਦੀ ਹੈ ਕਿ 'ਰੱਬ ਦੀਆਂ ਕਰਨੀਆਂ ਬਾਰੇ ਕੋਈ ਤਿਲ ਮਾਤਰ ਵੀ ਬਿਆਨ ਨਹੀਂ ਕਰ ਸਕਦਾ।'

1. **ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 792)
2. **ਕਹਣਾ ਹੈ ਕਿਛੁ ਕਹਣੁ ਨ ਜਾਇ।। ਤਉ ਕੁਦਰਤਿ ਕੀਮਤਿ ਨਹੀ ਪਾਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 151)
3. **ਏਵਡੁ ਊਚਾ ਹੋਵੈ ਕੋਇ।। ਤਿਸੁ ਊਚੇ ਕਉ ਜਾਣੈ ਸੋਇ।।** (ਗੁਰੂ ਗ੍ਰੰਥ ਸਾਹਿਬ, ਪੰਨਾ : 5)
4. **ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 4)
5. **ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ।। ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 9)
6. **ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 1193)
7. **ਨਾਨਕ ਏਵ ਨ ਜਾਪਈ ਕਿਥੈ ਜਾਇ ਸਮਾਹਿ।।**

   (ਗੁਰੂ ਗ੍ਰੰਥ ਸਾਹਿਬ, ਪੰਨਾ : 648)

ਉਪਰੋਕਤ ਲਿਖੇ ਪ੍ਰਮਾਣਾਂ ਅਨੁਸਾਰ ਰੱਬ ਜੀ ਬਾਰੇ ਤਿਲ ਮਾਤਰ ਵੀ ਬਿਆਨ ਕਰਨਾ ਭੁੱਲ ਹੈ। ਜੇ ਉਸ ਅਪਾਰ ਪ੍ਰਮਾਤਮਾ ਬਾਰੇ ਮਨੁੱਖ ਇਹ ਬਿਆਨ ਕਰੇ ਕਿ ਰੱਬ ਕਿਵੇਂ ਆਪਣੇ ਕੰਮ ਕਰਦਾ ਹੈ ਤਾਂ **"ਜਲ ਕੀ ਮਾਛੁਲੀ ਚਰੈ ਖਜੂਰਿ"** (ਗੁਰੂ ਗ੍ਰੰਥ ਸਾਹਿਬ, ਪੰਨਾ : 718) ਵਾਂਗੂੰ ਮਨੁੱਖ ਦੀ ਗਲਤ ਬਿਆਨੀ ਹੀ ਹੋਏਗੀ।

ਗੁਰੂ ਗ੍ਰੰਥ ਸਾਹਿਬ ਜੀ 'ਚ ਐਸੇ ਬੇਅੰਤ ਸ਼ਬਦ ਹਨ ਜਿਨ੍ਹਾਂ ਰਾਹੀ ਰੱਬ ਦੀ ਬੇਅੰਤਤਾ ਅੱਗੇ ਸਿਰ ਝੁਕਾ ਕੇ ਆਪਣੇ ਜੀਵਨ ਨੂੰ, ਮਨੁੱਖਤਾ ਭਰਪੂਰ ਬਣਾਉਣ ਦਾ 'ਸਤਿਗੁਰ' ਦ੍ਰਿੜ ਕਰਵਾਇਆ ਗਿਆ ਹੈ।

ਅਸੀਂ ਗੁਰੂ ਗ੍ਰੰਥ ਸਾਹਿਬ ਦੇ ਬਹੁਤ ਸਾਰੇ ਪ੍ਰਮਾਣਾਂ ਰਾਹੀਂ ਸਮਝ ਚੁਕੇ ਹਾਂ ਕਿ 'ਸਰੀਰਕ ਜੀਵਨ ਜਿਊਂਦਿਆਂ' ਮਨੁੱਖ ਜੇ ਕਰ ਸੱਚ ਤੋਂ ਮੁਨਕਰ (ਸਤਿਗੁਰ ਤੋਂ ਵਿਹੂਣਾ) ਹੈ ਤਾਂ ਉਹ ਪਸ਼ੂ, ਪ੍ਰੇਤ, ਭੂਤ, ਬੇਤਾਲ, ਮਿਰਤਕ, ਪੰਖੀ ਦੀ ਨਿਆਈਂ ਹੀ ਹੈ। ਇਸਦਾ ਮਤਲਬ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਸਰੀਰ

ਪ੍ਰਾਪਤੀ ਨੂੰ ਮਨੁੱਖ ਨਹੀਂ ਬਲਕਿ ਸਰੀਰ ਪ੍ਰਾਪਤੀ ਮਗਰੋਂ ਸਤਿਗੁਰ ਅਨੁਸਾਰ ਜੀਵਨ ਜਿਊਣ ਨੂੰ 'ਮਨੁੱਖ' ਕਹਿੰਦੇ ਹਨ।

ਆਓ, ਹੁਣ ਰਾਗ ਗਉੜੀ ਚੇਤੀ ਮਹਲਾ ੧ ਦੇ ਸਿਰਲੇਖ ਹੇਠਾਂ ਇਕ ਸ਼ਬਦ ਰਾਹੀਂ ਵਿਚਾਰੀਏ ਕਿ ਕਿਵੇਂ ਗੁਰੂ ਗ੍ਰੰਥ ਸਾਹਿਬ ਜੀ ਵਿਚ ਰੱਬ ਦੀ ਬੇਅੰਤਤਾ ਬਾਰੇ ਲਫ਼ਜ਼ ਵਰਤੇ ਹਨ ਅਤੇ ਮਨੁੱਖ ਦਾ ਧਿਆਨ ਉਸ ਦੀਆਂ ਕਰਤੂਤਾਂ ਵਲ ਦਿਵਾਇਆ ਹੈ।

**ਗਉੜੀ ਚੇਤੀ ਮਹਲਾ ੧**

**ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।।**

**ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।੧।।**

**ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।।**

**ਕਹੇ ਨ ਜਾਨੀ ਅਉਗਣ ਮੇਰੇ।।੧।।ਰਹਾਉ।।**

**ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।**

**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।੨।।**

**ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ।।**

**ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ।।੩।।**

**ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ।।**

**ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ।।੪।।**

**ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ।।**

**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ।।੫।।**

**ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।।**

**ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ।।੬।।੫।।੧੭।।**

(ਗੁਰੂ ਗ੍ਰੰਥ ਸਾਹਿਬ, ਪੰਨਾ : 156)

**ਪਦਾ ਰਹਾਉ : ਮੇਰੇ ਸਾਹਿਬਾ ਕਉਣੁ ਜਾਣੈ ਗੁਣ ਤੇਰੇ।।**
**ਕਹੇ ਨ ਜਾਨੀ ਅਉਗਣ ਮੇਰੇ।।੧।।ਰਹਾਉ।।**

ਰੱਬ ਜੀ ਤੁਸੀਂ ਬੇਅੰਤ (infinite) ਹੋ। ਤੁਹਾਡੇ ਆਦਿ ਅੰਤ ਬਾਰੇ ਕੋਈ ਨਹੀਂ ਦੱਸ ਸਕਦਾ। ਇਸੇ ਕਾਰਨ ਤੁਹਾਡੇ ਬਾਰੇ ਤਿਲ ਮਾਤਰ ਵੀ ਬਿਆਨ ਨਹੀਂ ਕੀਤਾ ਜਾ ਸਕਦਾ। ਜਿਸ ਤਰ੍ਹਾਂ ਤੁਸੀਂ ਬੇਅੰਤ ਗੁਣਾਂ ਦੇ ਖ਼ਜ਼ਾਨੇ ਹੋ ਇਸੇ ਤਰ੍ਹਾਂ ਮੇਰੇ ਵਿਚ ਬੇਅੰਤ ਅਵਗੁਣ ਹਨ। ਜਿਵੇਂ ਤੁਹਾਡੇ ਬੇਅੰਤ ਗੁਣ ਬਿਆਨ ਨਹੀਂ ਕੀਤੇ ਜਾ ਸਕਦੇ ਉਵੇਂ ਹੀ ਮੇਰੇ ਅਵਗੁਣ ਵੀ ਬਿਆਨ ਤੋਂ ਪਰੇ ਹਨ।

**ਪਦਾ ਪਹਿਲਾ : ਕਤ ਕੀ ਮਾਈ ਬਾਪੁ ਕਤ ਕੇਰਾ ਕਿਦੂ ਥਾਵਹੁ ਹਮ ਆਏ।। ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ।।੧।।**

ਪਹਿਲੇ ਪਦੇ ਵਿਚ ਦੁਨਿਆਵੀ ਧਾਰਨਾ (notion) ਨੂੰ ਨਕਾਰਿਆ (invalid) ਗਿਆ ਹੈ ਅਤੇ ਰੱਬੀ ਬੇਅੰਤਤਾ ਨੂੰ ਮੁੱਖ ਰੱਖ ਕੇ ਆਪਣੇ ਅਵਗੁਣਾਂ ਨੂੰ ਬਿਆਨਿਆ ਹੈ।

ਪੁਰਾਤਨ ਪ੍ਰਚਲਤ ਧਾਰਨਾ ਅਨੁਸਾਰ ਮੰਨਿਆ ਜਾਂਦਾ ਸੀ ਕਿ ਕੀਤੇ ਪੁੰਨ, ਪਾਪ ਅਤੇ ਕਰਮਾਂ ਕਾਰਨ ਅਗਲਾ ਜਨਮ ਪ੍ਰਾਪਤ ਹੁੰਦਾ ਹੈ। ਉਸੇ ਧਾਰਨਾ ਮੁਤਾਬਕ ਹੀ ਮਿੱਥੇ ਹੋਏ ਕਰਮਾਂ ਅਨੁਸਾਰ ਕੁੱਲ ਅਤੇ ਮਾਤਾ-ਪਿਤਾ ਵੀ ਮਿਲਦੇ ਹਨ। ਇਸੇ ਅੰਧ-ਵਿਸ਼ਵਾਸ ਤਹਿਤ ਮੰਨਿਆ ਜਾਂਦਾ ਸੀ ਕਿ ਫਲਾਣੇ ਕਰਮ ਕਰੋ ਤਾਂ ਮਨ ਚਾਹੇ ਫਲਾਣੇ ਮਾਤਾ-ਪਿਤਾ ਘਰ ਜਨਮ ਲੈ ਸਕਦੇ ਹੋ। ਇਸ ਧਾਰਨਾ ਤਹਿਤ ਅਗਲੇ ਜਨਮ ਵਿਚ ਚੰਗੀ ਕੁੱਲ, ਚੰਗੇ ਮਾਤਾ-ਪਿਤਾ ਦੀ ਮੰਗਾਂ ਕਾਰਨ ਮਨੁੱਖ ਤ੍ਰਿਸ਼ਨਾ ਦੀ ਅੱਗ ਵਿਚ ਫਸਦਾ ਚਲਾ ਗਿਆ। ਇਸ ਸ਼ਬਦ ਰਾਹੀਂ ਮਨੁੱਖ ਨੂੰ ਤ੍ਰਿਸ਼ਨਾ ਦੀ ਅੱਗ ਤੋਂ ਸੁਚੇਤ ਕਰਵਾਉਂਦੇ ਹੋਏ, ਰੱਬੀ ਬੇਅੰਤਤਾ ਦੇ ਹੁਲਾਰੇ ਵਿਚ ਸਤਿਗੁਰ ਦ੍ਰਿੜ ਕਰਵਾਇਆ ਗਿਆ ਹੈ ਕਿ ਮਨੁੱਖਾ ਜਨਮ ਕਿਵੇਂ ਪ੍ਰਾਪਤ ਹੋਇਆ ਇਹ ਕੋਈ ਨਹੀਂ ਦੱਸ ਸਕਦਾ। ਜਨਮ ਤੋਂ ਪਹਿਲਾਂ ਕੋਈ ਇਹ ਦਾਅਵਾ ਨਹੀਂ ਕਰ ਸਕਦਾ ਕਿ ਮੈਂ ਫਲਾਣੇ ਮਾਤਾ-ਪਿਤਾ ਦੇ ਘਰ ਜੰਮਾਂਗਾ ਅਤੇ ਨਾ ਹੀ ਕੋਈ ਦਮ ਭਰ ਕੇ ਕਹਿ ਸਕਦਾ ਹੈ ਕਿ ਮੇਰਾ ਜਨਮ ਇਸ ਮਾਤਾ ਪਿਤਾ, ਜਾਤ ਜਾਂ ਘਰ ਵਿਚ ਪਿਛਲੇ ਜਨਮ ਦੇ ਫਲਾਣੇ ਕਰਮਾਂ ਜਾਂ ਪੁੰਨ ਕਾਰਨ ਹੋਇਆ ਹੈ।

ਰਹਾਉ ਦੀ ਵਿਚਾਰ ਨੂੰ ਸਮਝ ਕੇ ਪਤਾ ਲੱਗਦਾ ਹੈ ਕਿ ਮੇਰੇ ਅਵਗੁਣਾਂ ਦੀ ਗੱਲ ਚੱਲ ਰਹੀ ਹੈ। ਰਹਾਉ ਨਾਲ ਸੰਬੰਧਤ ਪਹਿਲੇ ਪਦੇ ਨੂੰ ਵਿਚਾਰੀਏ ਤਾਂ ਸਮਝ ਪੈਂਦੀ ਹੈ ਕਿ ਆਤਮਕ ਤਲ 'ਤੇ ਆਪਣੇ ਦੁਰਮਤ ਰੂਪੀ ਮਾਂ ਅਤੇ ਅਸੰਤੋਖ ਰੂਪੀ ਪਿਤਾ ਤੋਂ ਪੈਦਾ ਹੋਇਆ ਹਾਂ। ਭਾਵ ਮੇਰੇ ਜੋ ਖ਼ਿਆਲ ਅਤੇ ਕਰਮ ਹਨ ਉਹ ਮੇਰੀ ਦੁਰਮਤ ਰੂਪੀ ਮਾਂ ਅਤੇ ਅਸੰਤੋਖ ਰੂਪੀ ਪਿਤਾ ਤੋਂ ਹੀ ਉਪਜੇ ਹਨ। ਮੇਰੇ ਮਨ ਦੀਆਂ ਇੱਛਾਵਾਂ ਅਤੇ ਤ੍ਰਿਸ਼ਨਾ ਕਾਰਨ ਮੈਨੂੰ ਸਮਝ ਹੀ ਨਹੀਂ ਆ ਰਹੀ ਕਿ ਮੇਰੇ ਜੀਵਨ ਦਾ ਕੀ ਮਕਸਦ ਹੈ। ਆਪਣੇ ਮੰਦੇ ਖ਼ਿਆਲਾਂ ਅਤੇ ਮਾੜੀ ਸੋਚ ਕਾਰਨ, ਖੁਆਰ ਅਤੇ ਦੁਵਿਧਾ ਵਾਲਾ ਜੀਵਨ ਜਿਊਂ ਰਿਹਾ ਹਾਂ ਅਤੇ ਬੇਲੋੜੇ ਕੰਮਾਂ ਵਿਚ ਖੱਜਤ ਰਹਿੰਦਾ ਹਾਂ।*

ਹਰੇਕ ਮਨੁੱਖ ਸਵੈ-ਪੜਚੋਲ ਕਰਕੇ ਇਹ ਸਮਝ ਸਕਦਾ ਹੈ ਕਿ ਮੇਰੇ ਅੰਦਰ ਤ੍ਰਿਸ਼ਨਾ ਰੂਪੀ ਅੱਗ ਬਲ ਰਹੀ ਹੈ ਅਤੇ ਅਸੰਤੋਖ ਦਾ ਜਲ ਨਿਮ ਰਿਹਾ ਹੈ। ਇਨ੍ਹਾਂ ਅਵਗੁਣਾਂ ਕਾਰਨ ਮੈਨੂੰ ਆਪਣੇ ਜੀਵਨ ਦਾ ਮਕਸਦ ਹੀ ਨਹੀਂ ਸਮਝ ਪੈ ਰਿਹਾ ਕਿ ਮੇਰੇ ਜਨਮ ਲੈਣ ਦਾ ਕਾਰਨ ਕੀ ਹੈ ਅਤੇ ਮੈਂ ਕਿਸ ਆਸ਼ੇ ਦੀ ਪੂਰਤੀ ਲਈ ਜਨਮ ਲਿਆ ਹੈ।

**ਪਦਾ ਦੂਜਾ : ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ।।**
**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ।।੨।।**

- ਇਸ ਵਿਸ਼ੇ 'ਤੇ ਅਸੀਂ **"ਮਾਂ"** ਨਾਮਕ ਕੈਸੇਟ ਵਿਚ ਬਹੁਤ ਖੁੱਲ੍ਹ ਕੇ ਵਿਚਾਰ ਕਰ ਚੁੱਕੇ ਹਾਂ। ਪਾਠਕ ਉਸ ਨੂੰ ਸੁਣ ਕੇ ਦ੍ਰਿੜ੍ਹ ਕਰ ਸਕਦੇ ਹਨ ਕਿ ਕਿਹੜੀ ਚੰਗੀ ਸੁਚੱਜੀ ਬਿਰਤੀ ਰੂਪੀ ਮਾਂ 'ਚੋਂ ਸੰਤੋਖ ਪਿਤਾ ਰਾਹੀਂ ਆਪਣਾ ਸਿਆਣਾ ਵਿਵੇਕ ਬੁੱਧੀ ਵਾਲਾ ਮਨ ਬਾਲਕ ਪ੍ਰਾਪਤ ਕਰਨਾ ਹੈ, ਤਾਂ ਕਿ ਚੰਗੇ ਗੁਣਾਂ ਦੇ ਜੀਵਨ ਦਾ ਆਤਮਕ ਪਰਵਾਰ ਮਾਣ ਸਕੀਏ।

**ਭਾਵ** : ਪੇੜ-ਪੌਦੇ, ਪਸ਼ੂ, ਸੱਪ ਅਤੇ ਪੰਛੀ ਆਦਿ ਇਸ ਧਰਤੀ 'ਤੇ, ਇਸ ਸ੍ਰਿਸ਼ਟੀ ਵਿਚ ਰੱਬ ਜੀ ਦੀ ਕਿਰਤ ਹਨ। ਉਹ ਸਾਰੇ ਕੁਦਰਤੀ ਨੇਮਾਂ ਅਨੁਸਾਰ ਆਪਣੇ ਸੁਭਾਅ ਅਧੀਨ ਆਪਣੇ ਕੰਮ ਕਾਜ ਕਰੀ ਜਾ ਰਹੇ ਹਨ। ਉਨ੍ਹਾਂ ਨੂੰ ਇਹ ਸਮਝ ਨਹੀਂ ਕਿ ਉਨ੍ਹਾਂ ਵਿਚ ਮਾੜਾ ਅਤੇ ਚੰਗਾ ਸੁਭਾਅ ਵੀ ਹੈ। ਉਨ੍ਹਾਂ ਨੂੰ ਆਪਣੇ ਇਸ ਸੁਭਾਅ ਦੀ ਸੋਝੀ ਨਹੀਂ। ਅਫ਼ਸੋਸ ਤਾਂ ਇਹ ਹੈ ਕਿ ਜੋ-ਜੋ ਅਵਗੁਣ ਉਨ੍ਹਾਂ ਦੇ ਸੁਭਾਅ ਵਿਚ ਹਨ ਉਹ ਅਨੇਕ ਅਵਗੁਣ

ਮਨੁੱਖ ਵਿਚ ਵੀ ਹੋਣ ਤਾਂ ਕਿਤਨੇ ਦੁੱਖ ਦੀ ਗੱਲ ਹੈ ਕਿਉਂਕਿ ਇਹ ਮਨੁੱਖ ਦਾ ਕੁਦਰਤੀ ਸੁਭਾਅ ਨਹੀਂ ਹੈ। ਪਸ਼ੂ ਪੰਛੀ ਇਸ ਸੁਭਾਅ ਤੋਂ ਕੁਦਰਤੀ ਨੇਮਾਂ ਕਾਰਨ ਨਹੀਂ ਛੁੱਟ ਸਕਦੇ ਪਰ ਮਨੁੱਖ ਨੂੰ ਤਾਂ ਬੁੱਧੀ ਪ੍ਰਾਪਤ ਹੋਈ ਹੈ ਅਤੇ ਉਹ ਮੰਦੇ ਸੁਭਾਅ ਤੋਂ ਛੁੱਟ ਸਕਦਾ ਹੈ। ਮਨੁੱਖ ਅਵਗੁਣਾਂ ਨੂੰ ਸੋਧਦਾ ਨਹੀਂ ਬਲਕਿ ਉਨ੍ਹਾਂ ਕਾਰਨ ਉਪਜੇ ਵਿਕਾਰਾਂ ਅਧੀਨ ਹੋ ਕੇ ਨਿੰਦਾ ਰੂਪੀ ਜ਼ਹਿਰ ਘੋਲਦਾ ਰਹਿੰਦਾ ਹੈ, ਕੁਬੋਲ ਬੋਲ ਕੇ ਸੱਪ ਵਾਂਗੂੰ ਡੰਗ ਮਾਰਦਾ ਹੈ।

**ਪਦਾ ਤੀਜਾ : ਹਟ ਪਟਣ ਬਿਜ ਮੰਦਰ ਭੰਨੈ ਕਰਿ ਚੋਰੀ ਘਰਿ ਆਵੈ॥**

**ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥੩॥**

**ਭਾਵ** : ਜਦ ਮਨੁੱਖ ਦਾ ਧਿਆਨ ਆਪਣੇ ਅਵਗੁਣਾਂ ਵਲ ਪੈਂਦਾ ਹੈ ਤਾਂ ਉਸਨੂੰ ਮਹਿਸੂਸ ਹੁੰਦਾ ਹੈ ਕਿ ਮੈਂ ਆਪਣੇ ਅਵਗੁਣਾਂ ਕਾਰਨ ਆਪਣੇ ਨਿਜ ਘਰ ਤੋਂ ਦੂਰ, ਰੱਬ ਜੀ ਤੋਂ ਵਿਛੜਿਆ ਹਾਂ, ਭਾਵ ਜਦ ਮੈਂ ਨਿੰਦਾ ਕਰਦਾ ਹਾਂ, ਕੁਬੋਲ ਬੋਲਦਾ ਹਾਂ ਤਾਂ ਇਹ ਇਸ ਤਰ੍ਹਾਂ ਹੈ ਜਿਵੇਂ ਦੂਸਰੇ ਦੀ ਵਸਤ ਚੋਰੀ ਕਰਕੇ, ਸਭ ਤੋਂ ਛੁਪਾ ਕੇ ਲਿਆਂਦੀ। ਸਭ ਤੋਂ ਤਾਂ ਮਨੁੱਖ ਛੁਪਾ ਸਕਦਾ ਹੈ ਪਰ ਅੰਦਰ ਬੈਠੇ ਰੱਬ ਜੀ ਤੋਂ ਕਿਵੇਂ ਲੁਕਾ ਕੇ ਰੱਖ ਸਕਦਾ ਹੈ। ਇਸਨੂੰ ਇਹ ਸਮਝ ਨਹੀਂ ਪੈਂਦੀ ਕਿ ਇਹ ਸਾਰੇ ਮਾੜੇ ਕਰਮ ਕਰਨ ਵੇਲੇ, ਮੈਂ ਰੱਬ ਜੀ ਵਲੋਂ ਵਾਚਿਆ ਜਾ ਰਿਹਾ ਹਾਂ। ਮਨੁੱਖ ਰੱਬ ਜੀ ਦੀ ਹਾਜ਼ਰ ਨਾਜ਼ਰਤਾ ਤੋਂ ਮੁਨਕਰ ਹੈ, ਇਸ ਕਰਕੇ ਗ਼ਲਤ ਕੰਮਾਂ ਵਿਚ ਖੱਚਤ ਰਹਿੰਦਾ ਹੈ।

**ਪਦਾ ਚੌਥਾ : ਤਟ ਤੀਰਥ ਹਮ ਨਵ ਖੰਡ ਦੇਖੇ ਹਟ ਪਟਣ ਬਾਜਾਰਾ॥**

**ਲੈ ਕੇ ਤਕੜੀ ਤੋਲਨਿ ਲਾਗਾ ਘਟ ਹੀ ਮਹਿ ਵਣਜਾਰਾ॥੪॥**

**ਭਾਵ** : ਹੇ ਮਨੁੱਖ, ਰੱਬ ਜੀ ਤੇਰੇ ਅੰਦਰ ਹੀ ਬੈਠੇ ਹਨ ਜੋ ਤਕੜੀ ਲੈ ਕੇ ਤੋਲ ਰਹੇ ਹਨ, ਇਸ ਕਰਕੇ ਤੂੰ ਉਸ ਤੋਂ ਨਹੀਂ ਬਚ ਸਕਦਾ। ਭਾਵ ਮਨੁੱਖ ਜਿੱਥੇ ਮਰਜ਼ੀ ਚਲਾ ਜਾਏ, ਰੱਬ ਜੀ ਦੀ ਹਾਜ਼ਰ ਨਾਜ਼ਰਤਾ ਤੋਂ ਮੁਨਕਰ ਨਹੀਂ ਹੋ ਸਕਦਾ, ਝੁਠਲਾ ਨਹੀਂ ਸਕਦਾ, ਪਿਠ ਨਹੀਂ ਦੇ ਸਕਦਾ। ਅੰਤਰ ਆਤਮੇ ਦੀ ਆਵਾਜ਼ ਮਨੁੱਖ ਨੂੰ ਸਤਿਗੁਰ (divine wisdom) ਨਾਲ ਇਕਮਿਕਤਾ ਦਾ ਸੁਨੇਹਾ ਦਿੰਦੀ ਰਹਿੰਦੀ ਹੈ ਕਿ ਗੁਣ ਕੀ ਹਨ, ਅਵਗੁਣ ਕੀ ਹਨ, ਚੰਗਾ ਕੀ ਹੈ, ਮੰਦਾ ਕੀ ਹੈ **"ਘਰਿ ਘਰਿ ਏਹੋ ਪਾਹੁਚਾ ਸਦੜੇ ਨਿਤ ਪਵੰਨਿ"॥**

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਮਨੁੱਖ ਨੂੰ ਵਰਤਮਾਨ ਜੀਵਨ ਸੰਵਾਰਨ ਦੀ ਪ੍ਰੇਰਨਾ ਦਿੱਤੀ ਗਈ ਹੈ ਕਿ ਇਸੇ ਜੀਵਨ ਵਿਚ ਰੱਬ ਜੀ ਦੀ ਹੋਂਦ ਨੂੰ ਮਹਿਸੂਸ ਕਰ।

**ਪਦਾ ਪੰਜਵਾਂ : ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ ਤੇਤੇ ਅਉਗਣ ਹਮਾਰੇ॥**

**ਦਇਆ ਕਰਹੁ ਕਿਛੁ ਮਿਹਰ ਉਪਾਵਹੁ ਡੁਬਦੇ ਪਥਰ ਤਾਰੇ॥੫॥**

**ਭਾਵ** : ਜਦੋਂ ਮਨੁੱਖ ਨੂੰ 'ਘਟਿ ਹੀ ਮਹਿ ਵਣਜਾਰਾ' ਵਾਲੀ ਗੱਲ ਸਮਝ ਪੈਂਦੀ ਹੈ ਤਾਂ ਮਨੁੱਖ ਦਾ ਧਿਆਨ ਆਪਣੇ 'ਅੰਤਰ ਆਤਮੇ' ਵੱਲ ਪੈਂਦਾ ਹੈ। ਇਸੇ ਕਰਕੇ ਮਨੁੱਖ ਨੂੰ ਸਮਝਾਇਆ ਗਿਆ ਹੈ **"ਆਪਨੜੈ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ"**। ਆਪਣੇ ਅੰਦਰ ਝਾਤੀ ਮਾਰਨ ਤੋਂ ਬਾਅਦ ਹੀ ਮਨੁੱਖ ਨੂੰ ਮਹਿਸੂਸ ਹੁੰਦਾ ਹੈ ਕਿ ਮੇਰੇ ਵਿਚ ਸਮੁੰਦਰ ਦੇ ਜਲ ਦੀ ਤਰ੍ਹਾਂ ਬੇਅੰਤ ਅਵਗੁਣ ਹਨ। ਜਦੋਂ ਮਨੁੱਖ ਨੂੰ ਇਹ ਅਹਿਸਾਸ ਹੁੰਦਾ ਹੈ ਤਾਂ ਹੀ ਉਹ ਆਪਣੇ ਅਵਗੁਣਾਂ ਤੋਂ ਛੁਟਕਾਰਾ ਪਾਉਣ ਲਈ ਕੋਸ਼ਿਸ਼ ਕਰਦਾ ਹੈ। ਆਤਮਕ ਤੌਰ 'ਤੇ ਦੁਖੀ ਰਹਿਣ ਕਾਰਨ ਮਨੁੱਖ 'ਸਤਿਗੁਰ' (divine wisdom) ਦੀ ਜ਼ਰੂਰਤ ਮਹਿਸੂਸ ਕਰਨ ਲੱਗ ਪੈਂਦਾ ਹੈ। ਫਿਰ ਮਨੁੱਖ ਬਿਨਤੀ ਕਰਦਾ ਹੈ, ਦਇਆ ਅਤੇ ਮਿਹਰ ਦੀ ਜਾਚਨਾ ਕਰਦਾ ਹੈ ਕਿ ਮੈਨੂੰ ਸੁਮਤ ਬਖ਼ਸ਼ੋ ਤਾਂ ਕਿ ਮੈਂ ਅਵਗੁਣਾਂ ਵਾਲੇ ਸਮੁੰਦਰ

ਵਿਚ ਨਾ ਡੁੱਬ ਜਾਵਾਂ। "**ਜਿਉ ਪਾਖਾਣੁ ਨਾਵ ਚੜਿ ਤਰੈ।। ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ।।** ਜਿਵੇਂ ਕਿਸ਼ਤੀ ਦੇ ਸਹਾਰੇ ਨਾਲ ਪੱਥਰ ਵੀ ਤਰ ਜਾਂਦੇ ਹਨ, ਉਸੇ ਤਰ੍ਹਾਂ ਮਨੁੱਖ ਸਤਿਗੁਰ (ਗਿਆਨ-ਗੁਰੂ) ਰੂਪੀ ਬੇੜੀ ਦੇ ਸਹਾਰੇ ਅਵਗੁਣਾਂ ਰੂਪੀ ਸਮੁੰਦਰ ਤੋਂ ਤਰ ਸਕਦਾ ਹੈ। ਭਾਵ ਆਪਣੀ ਕਠੋਰਤਾ ਨੂੰ ਮਹਿਸੂਸ ਕਰਕੇ ਨਰਮ ਹਿਰਦੇ ਵਾਲਾ, ਦੂਜਿਆਂ ਦਾ ਦਰਦ ਮਹਿਸੂਸ ਕਰਨ ਵਾਲਾ ਬਣ ਸਕਦਾ ਹੈ।

**ਪਦਾ ਛੇਵਾਂ : ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ।।**

**ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ।।੬।।੫।।੧੭।।੧।।**

**ਭਾਵ** : ਜਿਵੇਂ ਹੀ ਜੀਅੜਾ ਰੂਪੀ ਧਰਤੀ ਉੱਤੇ ਸੂਰਜ ਰੂਪੀ ਗਿਆਨ ਦੀ ਅਗਨੀ ਲਗਾਤਾਰ ਬਲਣੀ ਸ਼ੁਰੂ ਹੋ ਜਾਂਦੀ ਹੈ, ਤਾਂ ਗਿਆਨ-ਗੁਰੂ ਰਾਹੀਂ ਰੱਬ ਦੀ ਹਾਜ਼ਰ ਨਾਜ਼ਰਤਾ ਵਾਲਾ ਨਿਯਮ ਸਮਝ ਪੈਣ ਲੱਗ ਜਾਂਦਾ ਹੈ, ਜਿਸ ਦਾ ਸਦਕਾ ਮਨੁੱਖ ਅਵਗੁਣਾਂ ਤੋਂ ਛੁੱਟ ਕੇ ਹਮੇਸ਼ਾ ਲਈ ਸੁਖੀ ਹੋ ਜਾਂਦਾ ਹੈ।

ਉਪਰ ਵਿਚਾਰੇ ਇਸ ਸ਼ਬਦ ਨੂੰ ਧਿਆਨ ਨਾਲ ਪੜੀਏ ਤਾਂ ਸਾਫ ਪਤਾ ਲਗਦਾ ਹੈ ਕਿ ਗੁਰਮਤ ਰਾਹੀ ਮਨੁੱਖ ਨੂੰ, ਆਪਣੇ ਅਵਗੁਣਾਂ ਤੋਂ ਉਪਰ ਉਠ ਕੇ, ਸਤਿਗੁਰ (divine wisdom) ਅਨੁਸਾਰ ਰੱਬੀ ਰਜ਼ਾ ਵਿਚ ਰਹਿ ਕੇ, ਰੱਬੀ ਗੁਣਾਂ ਭਰਪੂਰ ਜੀਵਨ ਬਣਾਉਣਾ ਸਿਖਾਇਆ ਗਿਆ ਹੈ।

ਇਸੇ ਮਜ਼ਮੂਨ ਨੂੰ ਦ੍ਰਿੜ ਕਰਨ ਲਈ ਕੁਝ ਪੰਕਤੀਆਂ ਦਾ ਸਹਾਰਾ ਲੈ ਕੇ ਸੰਖੇਪ ਵਿਚਾਰ ਕਰਦੇ ਹਾਂ :-

1. **ਮੂਲੁ ਨ ਬੂਝਹਿ ਆਪਣਾ ਸੇ ਪਸੂਆ ਸੇ ਢੋਰ ਜੀਉ।।** (ਗੁਰੂ ਗ੍ਰੰਥ ਸਾਹਿਬ, ਪੰਨਾ : 751)

   ਜੋ ਆਪਣਾ ਮੂਲ ਨਹੀਂ ਪਛਾਣਦੇ ਆਪਣੇ ਅੰਦਰ ਪ੍ਰਮਾਤਮਾ ਦੀ ਹੋਂਦ ਮਹਿਸੂਸ ਨਹੀ ਕਰਦੇ, ਉਹ ਮਨੁੱਖ ਹੋ ਕੇ ਵੀ ਪਸ਼ੂ ਦੀ ਜੂਨ ਵਾਲੇ ਕਰਮ ਹੀ ਕਰ ਰਹੇ ਹਨ ਭਾਵ ਪਸ਼ੂ ਜੂਨ ਵਿਚ ਹੀ ਹਨ।

2. **ਏਕ ਭਗਤਿ ਭਗਵਾਨ ਜਿਹ ਪ੍ਰਾਨੀ ਕੈ ਨਾਹਿ ਮਨਿ।। ਜੈਸੇ ਸੂਕਰ ਸੁਆਨ ਨਾਨਕ ਮਾਨੋ ਤਾਹਿ ਤਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1428)

   ਜੋ ਮਨੁੱਖ ਇਕ ਰੱਬ ਜੀ ਨਾਲ ਨਹੀਂ ਜੁੜਿਆ ਰੱਬੀ ਰਜ਼ਾ ਵਿਚ ਨਹੀਂ ਜਿਊਂਦਾ ਉਹ ਕੂਕਰ ਦੀ ਜੂਨ ਵਿਚ ਪਿਆ ਹੋਇਆ ਹੈ ਭਾਵ ਸਰੀਰਕ ਤੌਰ 'ਤੇ ਮਨੁੱਖ ਹੈ ਪਰ ਆਤਮਕ ਮੌਤ ਕਾਰਨ ਸੂਅਰ, ਕੁੱਤੇ ਦੀ ਜੂਨ 'ਚ ਹੈ।

3. **ਨਾਨਕ ਸੇ ਨਰ ਅਸਲਿ ਖਰ ਜਿ ਬਿਨੁ ਗੁਣ ਗਰਬੁ ਕਰੰਤਿ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1246)

   ਜੋ ਮਨੁੱਖ ਹਉਮੈ (ਗਰਬ) ਕਰਦੇ ਹਨ ਉਹ ਖੋਤੇ ਦੀ ਜੂਨ 'ਚ ਹੀ ਪਏ ਹਨ।

4. **ਮਨਮੁਖ ਵਿਣੁ ਨਾਵੈ ਕੂੜਿਆਰ ਫਿਰਹਿ ਬੇਤਾਲਿਆ।। ਪਸੂ ਮਾਣਸ ਚੰਮਿ ਪਲੇਟੇ ਅੰਦਰਹੁ ਕਾਲਿਆ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1284)

   ਜਦੋਂ ਮਨੁੱਖ ਆਪਣੇ ਮਨ ਦੇ ਦਬਦਬੇ ਹੇਠਾਂ ਬੇਤਾਲਾ ਜੀਵਨ ਜਿਊਂਦਾ ਹੈ ਤਾਂ ਉਸਨੇ ਮਾਨਸਕ ਅਵਸਥਾ ਪਸ਼ੂ ਵਾਂਗ ਰੱਖੀ ਹੋਈ ਹੈ ਪਰ ਬਾਹਰੋਂ ਕੇਵਲ ਚਮੜੀ ਮਨੁੱਖਾਂ ਵਾਲੀ ਹੈ।

5. **ਬਿਨੁ ਸਿਮਰਨ ਗਰਧਭ ਕੀ ਨਿਆਈ।।** (ਗੁਰੂ ਗ੍ਰੰਥ ਸਾਹਿਬ, ਪੰਨਾ : 239)

   ਜਦੋਂ ਮਨੁੱਖ ਮਨ ਕਰਕੇ ਰੱਬੀ ਗੁਣਾਂ ਵਾਲੀ ਜੀਵਨੀ ਨਹੀਂ ਜਿਊਂਦਾ, ਉਹ 'ਗਰਧਭ' (ਖੋਤਾ) ਹੀ ਹੈ।

6. **ਜਿਸ ਕੈ ਅੰਤਰਿ ਰਾਜ ਅਭਿਮਾਨੁ।। ਸੋ ਨਰਕਪਾਤੀ ਹੋਵਤ ਸੁਆਨੁ।।** (ਗੁਰੂ ਗ੍ਰੰਥ ਸਾਹਿਬ, ਪੰਨਾ : 278)

ਜਦੋਂ ਮਨੁੱਖ ਦਾ ਮਨ ਰਾਜ, ਧਨ, ਭੂਮੀ, ਜੋਬਨ ਦਾ ਅਭਿਮਾਨ ਕਰ ਰਿਹਾ ਹੈ ਉਹ ਮਾਨੋ ਕੁੱਤੇ ਦੀ ਜੂਨ 'ਚ, ਨਰਕ ਵਿੱਚ ਪਿਆ ਹੈ।

7. **ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥ ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥** (ਗੁਰੂ ਗ੍ਰੰਥ ਸਾਹਿਬ, ਪੰਨਾ : 1356)

ਜੋ ਮਨੁੱਖ ਸਤਿਗੁਰ (divine wisdom) ਅਨੁਸਾਰ ਨਹੀਂ ਜਿਊਂਦੇ, ਉਨ੍ਹਾਂ ਦਾ ਜੀਵਨ ਧ੍ਰਿਗਾਕਾਰ ਹੈ ਕਿਉਂਕਿ ਉਨ੍ਹਾਂ ਮਨੁੱਖਾਂ ਨੇ ਕੁੱਤਾ, ਸੂਰ, ਖੋਤਾ, ਕਾਂ, ਸੱਪ ਦੀ ਜੂਨ ਦੇ ਤੁੱਲ ਆਪਣਾ ਜੀਵਨ ਬਣਾ ਲਿਆ ਹੈ। ਉਨ੍ਹਾਂ ਨੇ ਆਪਣੀ ਮਨੁੱਖੀ ਜੂਨ (ਭ੍ਰਸ਼ਟਣਹਿ) ਆਪਣੇ ਅਚਾਰ ਤੋਂ ਡਿੱਗੀ ਹੋਈ ਪਤਿਤ, ਨੀਵੀਂ ਅਤੇ ਮੰਦੀ ਬਣਾ ਲਈ ਹੈ ਜੋ ਕਿ ਪਸ਼ੁਤਾ ਵਾਲੀ ਜੂਨ ਵਿਚ ਪੈਣ ਦੇ ਤੁੱਲ ਹੀ ਹੈ। ਇਹੀ ਮਨੁੱਖਤਾ ਦੇ ਤਲ ਤੋਂ ਪਸ਼ੂ ਪੰਛੀ ਦੇ ਤਲ ਤਕ ਡਿਗ ਪੈਣਾ **'ਅਉਤਰਣ'** ਕਹਿਲਾਉਂਦਾ ਹੈ।

ਇਸ ਕਿਸਮ ਦੇ ਅਨੇਕ ਪ੍ਰਮਾਣਾਂ ਤੋਂ ਪਤਾ ਲਗਦਾ ਹੈ ਕਿ ਸੱਚ ਦੇ ਮਾਰਗ ਭਾਵ 'ਸਤਿਗੁਰ' ਤੋਂ ਵਿਹੂਣਾ ਮਨੁੱਖ ਦਾ ਜੀਵਨ ਇਨ੍ਹਾਂ ਜੂਨਾਂ 'ਚ ਪੈ ਜਾਣ ਦੇ ਤੁੱਲ ਹੈ। ਸੋ ਮਨੁੱਖ ਨੇ ਇਹ ਚੇਤੇ ਰੱਖਣਾ ਹੈ ਕਿ "ਉਹ ਮਨੁੱਖਾ ਜੀਵਨ ਜਿਊਂਦਿਆਂ ਕਿਹੜੀ-ਕਿਹੜੀ ਜੂਨ ਵਾਲੇ, ਕਰਮ ਕਰਦਾ ਰਹਿੰਦਾ ਹੈ। ਇਸ ਦੁਨੀਆ 'ਚ ਕਿਸੇ ਵੀ ਤਰੀਕੇ ਤੋਂ (ਅੰਡਜ, ਜੇਰਜ, ਸੇਤਜ, ਉਤਭੁਜ) ਕੋਈ ਵੀ ਜੂਨ ਹੈ, ਉਨ੍ਹਾਂ ਕੋਲ ਵਿਚਾਰਨ ਯੋਗ ਬੁੱਧੀ ਨਹੀਂ, ਇਸ ਕਰਕੇ ਉਹ ਪਸ਼ੂ ਪੰਛੀ ਆਪਣੇ ਸੁਭਾਅ ਦੇ ਬੱਧੇ ਹਨ ਪਰ ਮਨੁੱਖ 'ਸਤਿਗੁਰ' ਅਨੁਸਾਰ ਆਪਣੇ ਵਿਚਾਰ ਮੰਡਲ ਨੂੰ ਸੋਧ ਕੇ ਪਰਮਪਦ ਅਵਸਥਾ ਪ੍ਰਾਪਤ ਕਰ ਸਕਦਾ ਹੈ।"

ਗੁਰੂ ਗ੍ਰੰਥ ਸਾਹਿਬ ਜੀ ਦਾ ਅਸਲ ਮਕਸਦ ਕੇਵਲ ਸੱਚ ਦ੍ਰਿੜ ਕਰਵਾਉਣਾ ਹੀ ਹੈ। ਇਸ ਵਿਚ ਇਕ ਗੱਲ ਬਾਰੇ ਦੋ ਸਿਧਾਂਤ ਨਹੀਂ ਹਨ। ਇਹ ਗੱਲ ਵੱਖਰੀ ਹੈ ਕਿ ਸਿਧਾਂਤ ਨੂੰ ਨਾ ਸਮਝਣ ਕਾਰਨ ਅਸੀਂ ਅਰਥ ਸਮਝਣ ਵੇਲੇ ਟਪਲਾ ਖਾ ਜਾਂਦੇ ਹਾਂ ਪਰ ਗੁਰਬਾਣੀ ਦਾ **ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥** ਅਨੁਸਾਰ, ਇਕੋ ਹੀ ਸੁਨੇਹਾ ਹੈ। ਇਸ ਲਈ ਸਾਨੂੰ ਵਿਚਾਰਨਾ ਪਵੇਗਾ ਕਿ, "ਕਈ ਜਨਮ ਭਏ ਕੀਟ ਪਤੰਗਾ॥" ਸ਼ਬਦ ਮਨੁੱਖ ਨੂੰ ਕਿਸ ਪੱਖੋਂ ਸੁਚੇਤ ਕਰਵਾ ਰਿਹਾ ਹੈ ਤੇ ਕੀ ਸੇਧ ਦਿੰਦਾ ਹੈ। ਸ਼ਬਦ ਨੂੰ ਵਿਚਾਰਨ ਤੋਂ ਪਹਿਲਾਂ ਹਥਲੀ ਪੁਸਤਕ ਦੇ ਪੰਨਾ ਨੰ. 94 'ਤੇ ਵਿਚਾਰੇ ਸ਼ਬਦ 'ਮਾਧੋ ਅਬਿਦਿਆ ਹਿਤ ਕੀਨ" ਨੂੰ ਧਿਆਨ ਵਿਚ ਰੱਖਣਾ ਹੈ ਅਤੇ ਰਲਵੇਂ ਭਾਵ ਅਰਥਾਂ ਵਿਚ ਦੋਨੋਂ ਸ਼ਬਦਾਂ ਨੂੰ ਸਮਝਣਾ ਹੈ।

**ਗਉੜੀ ਗੁਆਰੇਰੀ ਮਹਲਾ ੫॥**

**ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥ ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥ ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥੧॥ਰਹਾਉ॥ ਕਈ ਜਨਮ ਸੈਲ ਗਿਰਿ ਕਰਿਆ॥ ਕਈ ਜਨਮ ਗਰਭ ਹਿਰਿ ਖਰਿਆ॥ ਕਈ ਜਨਮ ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥੨॥ ਸਾਧਸੰਗਿ ਭਇਓ ਜਨਮੁ ਪਰਾਪਤਿ॥ ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ॥ ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥੩॥ ਜੋ ਕਿਛੁ ਹੋਆ ਸੁ ਤੁਝ ਤੇ ਹੋਗੁ॥ ਅਵਰੁ ਨ ਦੂਜਾ ਕਰਣੈ ਜੋਗੁ॥ ਤਾ ਮਿਲੀਐ ਜਾ ਲੈਹਿ ਮਿਲਾਇ॥ ਕਹੁ ਨਾਨਕ ਹਰਿ ਹਰਿ ਗੁਣ ਗਾਇ॥੪॥੩॥੭੨॥**

(ਗੁਰੂ ਗ੍ਰੰਥ ਸਾਹਿਬ, ਪੰਨਾ : 176)

ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੀ ਬਣਤਰ ਦੇ ਕੀਮਤੀ ਢੰਗ ਨੂੰ ਮੁਖ ਰਖਦਿਆਂ ਪਹਿਲੋਂ 'ਰਹਾਉ' ਦੀ ਪੰਕਤੀ ਅਤੇ ਫਿਰ ਬਾਕੀ ਪਦੇ ਵਿਚਾਰਨੇ ਬਣਦੇ ਹਨ।

**ਪਦਾ ਰਹਾਉ :- ਮਿਲੁ ਜਗਦੀਸ ਮਿਲਨ ਕੀ ਬਰੀਆ।। ਚਿਰੰਕਾਲ ਇਹ ਦੇਹ ਸੰਜਰੀਆ।।੧।।**

ਪਦ ਅਰਥ:- **ਦੇਹ ਸੰਜਰੀਆਂ:-** ਵਿਕਾਰਾਂ ਕਾਰਨ ਬਣਾਈ ਆਪਣੀ ਇਹ ਝੂਠੀ ਸ਼ਖਸੀਅਤ, ਮੰਦੇ ਕਰਮਾਂ ਦੀ ਸੰਜੋਈ ਹੋਈ ਦੇਹ।

**ਭਾਵ ਅਰਥ :-** ਜਦੋਂ ਸਤਿਗੁਰ (ਗਿਆਨ-ਗੁਰੂ) ਰਾਹੀਂ ਮਨ ਨੂੰ ਸਮਝ ਪੈਂਦੀ ਹੈ ਕਿ ਮੈਂ ਆਪਣੀ ਝੂਠੀ ਸ਼ਖ਼ਸੀਅਤ ਕਾਰਨ ਵਿਕਾਰਾਂ ਹੱਥੀਂ ਲੁੱਟਿਆ ਜਾ ਰਿਹਾ ਹਾਂ ਤਾਂ ਉਹ ਆਪਣੇ ਅਚੇਤ ਮਨ ਨੂੰ ਸਮਝਾਉਂਦਾ ਹੈ ਕਿ ਤੈਨੂੰ ਜਗਦੀਸ਼ (ਪ੍ਰਮਾਤਮਾ) ਨਾਲ ਮਿਲਣ ਦਾ ਅਵਸਰ, ਮੌਕਾ ਪ੍ਰਾਪਤ ਹੋਇਆ ਹੈ। ਐ ਮਨ, ਸਤਿਗੁਰ ਅੱਗੇ ਆਪਣਾ ਆਪਾ ਸਮਰਪਣ ਕਰ ਕੇ ਆਪਣੀ ਬੁੱਧੀ ਨੂੰ ਬਿਬੇਕ ਬੁੱਧੀ ਬਣਾ ਲੈ। ਸੋ ਇਸ ਅਵਸਰ ਦਾ ਪੂਰਾ ਲਾਹਾ ਪ੍ਰਾਪਤ ਕਰ ਲੈ। ਚਿਰੰਕਾਲ ਜਾਂ ਚਿਰ ਦਾ ਅਰਥ 'ਬਹੁਤ ਸਮਾਂ ਲਿਆ ਜਾਂਦਾ ਹੈ।' ਮਨੁੱਖ ਆਪਣੇ ਜੀਵਨ ਵਿਚ ਵਿਕਾਰਾਂ ਹਥੀਂ ਆਤਮਕ ਤੌਰ 'ਤੇ ਮਰਦਾ ਜੰਮਦਾ ਰਹਿੰਦਾ ਹੈ ਤੇ ਮਨੁੱਖ ਦੇ ਜੀਵਨ ਦਾ ਸਮਾਂ ਇਸੇ ਤਰੀਕੇ ਨਾਲ ਲੰਘਦਾ ਜਾਂਦਾ ਹੈ। ਇਹੋ ਸਮਾਂ ਵਿਅਰਥ ਲੰਘਣਾ, ਚਿਰ ਭਇਆ, ਚਿਰੰਕਾਲ ਕਹਿਲਾਉਂਦਾ ਹੈ ਤੇ ਇਸੇ ਨੂੰ **"ਬਹੁਤ ਜਨਮ ਬਿਛੁਰੇ ਥੇ ਮਾਧਉ"** ਵੀ ਕਹਿੰਦੇ ਹਨ। **"ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ"** ਅਨੁਸਾਰ ਦੁਰਮਤ ਵਾਲੀ ਜੀਵਨੀ ਕਾਰਨ ਮਨੁੱਖ ਰੱਬ ਜੀ ਤੋਂ 'ਦੂਰ' ਤੇ ਗੁਰਮਤ ਵਾਲੀ ਜੀਵਨੀ ਸਦਕਾ 'ਨੇੜੇ' ਹੁੰਦਾ ਹੈ। "ਕਿਰਤਿ ਕਰਮ ਕੇ ਵੀਛੁੜੇ" ਵੀ ਮਨੁੱਖ ਆਪਣੀ 'ਆਤਮਕ ਮੌਤ' ਕਾਰਨ ਹੀ ਹੁੰਦਾ ਹੈ ਕਿਉਂਕਿ ਮਨੁੱਖ ਰੱਬੀ ਇਕਮਿਕਤਾ ਤੋਂ ਟੁਟਿਆ ਰਹਿੰਦਾ ਹੈ। ਸਤਿਗੁਰ ਅਨੁਸਾਰ ਜੀਵਨੀ ਜਿਊਣ ਨਾਲ **"ਮਿਲੁ ਜਗਦੀਸ ਮਿਲਨ ਕੀ ਬਰੀਆ"** ਦੀ ਆਤਮਕ ਅਵਸਥਾ ਕੋਈ ਵੀ ਮਨੁੱਖ ਮਾਣ ਸਕਦਾ ਹੈ। ਇਹ ਚੇਤੇ ਰੱਖਣਾ ਹੈ ਕਿ ਸਾਰੇ ਮਨੁੱਖ ਰੱਬੀ ਮਿਲਣ ਦੀ ਅਵਸਥਾ ਮਾਣ ਸਕਦੇ ਹਨ, ਬਸ਼ਰਤੇ ਕਿ ਉਹ ਆਪਣੀ ਮਤ ਤਿਆਗ ਕੇ ਸਤਿਗੁਰ (divine wisdom) ਅਨੁਸਾਰ ਜੀਵਨੀ ਜਿਊਣ।

ਪੰਚਮ ਪਾਤਸ਼ਾਹ ਸਾਨੂੰ ਸਾਰੇ ਮਨੁੱਖਾਂ ਨੂੰ ਸਮਝਾਉਣ ਲਈ ਮਨ ਨੂੰ ਮੁਖਾਤਿਬ ਕਰ ਕੇ ਕਹਿ ਰਹੇ ਹਨ ਕਿ ਐ ਮੇਰੇ ਮਨ ! ਹੁਣ ਤੇ ਸਮਝ, ਐਸੀਆਂ ਜੂਨਾਂ ਵਾਲੇ ਕਰਮ ਛਡ। ਤੈਨੂੰ ਇਹ ਜੀਵਨ ਰੱਬੀ ਗੁਣ ਜਿਊਣ ਲਈ ਪ੍ਰਾਪਤ ਹੋਇਆ ਹੈ ਤਾਂ ਕਿ ਤੂੰ ਰੱਬੀ ਇਕਮਿਕਤਾ ਮਾਣ ਸਕੇਂ। "ਮਿਲ ਜਗਦੀਸ਼ ਮਿਲਣ ਕੀ ਬਰੀਆ" ਭਾਵ ਗਿਆਨ-ਗੁਰੂ ਮਿਲ ਪਿਆ ਹੈ, ਇਹ ਸਮਾਂ ਨਾ ਗੰਵਾ।

**ਪਦਾ ਪਹਿਲਾ:- ਕਈ ਜਨਮ ਭਏ ਕੀਟ..... ਹੈਵਰ ਬ੍ਰਿਖ ਜੋਇਓ।।੧।।**

ਐ ਮੇਰੇ ਮਨ ਵਿਚਾਰ, ਤੂੰ ਮਨੁੱਖ ਹੋ ਕੇ ਕਦੀ ਕੀੜੇ ਵਾਂਗੂੰ ਕਰਮ ਕਰਨ ਲਗ ਪੈਂਦਾ ਹੈ, ਕਦੀ ਪਤੰਗੇ ਵਾਂਗ ਭਰਮਾ ਕੇ ਆਪਣਾ ਆਪ ਸਾੜ ਲੈਂਦਾ ਹੈ, ਕਦੀ ਕਾਮੀ ਹੋਕੇ ਹਾਥੀ ਹੋ ਜਾਂਦਾ ਹੈ, ਕਦੀ ਮੱਛੀ ਵਾਂਗ ਜੀਭ ਦੇ ਚਸਕੇ ਤੇ ਕਦੀ ਹਿਰਨ ਵਾਂਗ ਨਾਦ ਰੋਗ 'ਚ ਫਸ ਕੇ ਮਰਦਾ ਰਹਿੰਦਾ ਹੈਂ। ਕਦੀ ਪੰਖੀ ਬਣ ਕੇ ਦਸਾਂ ਦਿਸ਼ਾਵਾਂ 'ਚ ਭਟਕਦਾ ਰਹਿੰਦਾ ਹੈ ਤੇ ਕਦੀ ਸੱਪ ਵਾਂਗੂੰ ਜ਼ਹਿਰ ਘੋਲਦਾ ਤੇ ਹੋਰਨਾ ਨੂੰ ਡੰਗ ਮਾਰਦਾ ਰਹਿੰਦਾ ਹੈ। ਕਦੀ ਘੋੜੇ (ਹੈਵਰ) ਵਾਂਗ, ਤੇ ਕਦੀ ਬ੍ਰਿਖ (ਬਲਦ) ਵਾਂਗ ਚੌਵੀ ਘੰਟੇ ਜੋਇਆ (ਜੁੜਿਆ, ਜੁਤਿਆ) ਰਹਿੰਦਾ ਹੈਂ।

**ਪਦਾ ਦੂਜਾ:- ਕਈ ਜਨਮ ਸੈਲ .... ਜੋਨਿ ਭਮਾਇਆ।।੨।।**

ਹੇ ਮੇਰੇ ਮਨ, ਵਿਚਾਰ ਕਿ ਕਦੀ ਤੇਰਾ ਹਿਰਦਾ ਪੱਥਰ (ਸੈਲ) ਵਾਂਗ ਕਠੋਰ ਹੋ ਜਾਂਦਾ ਹੈ, ਕਦੀ ਆਕੜ ਵਿਚ ਪਹਾੜ (ਗਿਰਿ) ਵਾਂਗ ਹੰਕਾਰਿਆ ਰਹਿੰਦਾ ਹੈ, ਨਿਮਰਤਾ 'ਚ ਨਹੀਂ ਰਹਿੰਦਾ।

ਕਦੀ ਤੂੰ ਇਸਤਰੀ ਦੇ ਕੱਚੇ ਗਰਭ ਵਾਂਗ ਕਈ ਕਾਰਨਾਂ ਤੋਂ ਆਤਮਕ ਤੌਰ 'ਤੇ ਡਿੱਗ ਪੈਂਦਾ ਹੈ ਭਾਵ ਤੂੰ ਕੁਮਤ ਰੂਪੀ ਮਾਤਾ ਅਤੇ ਅਸੰਤੋਖੀ ਪਿਤਾ ਕਾਰਨ ਆਤਮਕ ਜਨਮ ਲੈ ਹੀ ਨਹੀ ਸਕਦਾ। ਕਦੀ ਤੂੰ ਸ਼ਾਖ ਵਾਂਗੂੰ ਕਮਜ਼ੋਰ ਹੋ ਕੇ ਡਰਦਾ ਰਹਿੰਦਾ ਹੈਂ ਤੇ ਕੁਮਲਾ ਜਾਂਦਾ ਹੈ। ਇਸੇ ਤਰ੍ਹਾਂ ਤੂੰ ਆਤਮਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਮਨੁੱਖਾ ਜਨਮ ਤਾਂ ਸੰਵਾਰ ਨਹੀ ਸਕਿਆ ਪਰ ਹੋਰ ਜੂਨੀਆਂ ਵਿਚ ਭਟਕਦਾ ਰਹਿੰਦਾ ਹੈਂ।

ਐ ਮਨੁੱਖ, ਜੇ ਤੂੰ ਅਸਲ ਮਾਇਨੇ 'ਚ 'ਮਨੁਖਾ ਜਨਮ', 'ਮਨੁੱਖਤਾ ਦੀ ਟੀਸੀ', ਪਰਮਪਦ, ਨਿਰਵਾਣ ਪਦ, ਜੀਵਨ ਮੁਕਤ ਅਵਸਥਾ, ਭਾਵ ਇਨਸਾਨੀਅਤ ਭਰਪੂਰ ਜੀਵਨ ਜਿਊਣਾ ਚਾਹੁੰਦਾ ਹੈ ਤਾਂ **"ਸਤਿਗੁਰ ਕੈ ਜਨਮੈ ਗਵਨ ਮਿਟਾਇਆ"** ਭਾਵ ਸਤਿਗੁਰ (ਗਿਆਨ-ਗੁਰੂ) ਦੇ ਘਰ ਜਨਮ ਲੈ। ਕੇਵਲ ਸਰੀਰ ਕਰਕੇ ਮਾਂ ਪਿਓ ਰਾਹੀਂ ਜਨਮ ਲੈ ਕੇ, ਆਪਣੀ ਖੁਦਗਰਜ਼ੀ ਕਾਰਨ ਦੁਨਿਆਵੀ ਸੁੱਖਾਂ ਵਿਚ ਖਚਤ ਰਹਿਣਾ ਅਤੇ ਵਿਕਾਰਾਂ ਵਸ ਅਨੇਕ ਜੂਨੀਆਂ ਵਿਚ ਭਟਕਦੇ ਰਹਿਣਾ ਹੀ ਮਨੁੱਖਾ ਜੀਵਨ ਦਾ ਮਕਸਦ ਨਹੀਂ ਬਲਕਿ 'ਐ ਮਨੁੱਖ, ਸਤਿਗੁਰ ਦੇ ਘਰ ਜਨਮ ਲੈ ਭਾਵ ਸੱਚ ਦੇ ਗਿਆਨ (divine wisdom - universal truth) ਰਾਹੀਂ ਜੀਵਨ ਜਿਊ ਤਾ ਕਿ ਤੈਨੂੰ ਉੱਚੀ ਆਤਮਕ ਅਵਸਥਾ ਵਾਲਾ ਅਸਲੀ ਮਨੁੱਖਾ ਜਨਮ (ਦੁਰਲਭ ਦੇਹ ਵਾਲਾ) ਪ੍ਰਾਪਤ ਹੋ ਸਕੇ।

**ਪਦਾ ਤੀਜਾ:- ਸਾਧਸੰਗਿ ਭਇਓ ਜਨਮੁ.......... ਮਰਹਿ ਦਰਗਹ ਪਰਵਾਨੁ।।੩।।**

ਐ ਮੇਰੇ ਮਨ, ਆਤਮਕ ਜਨਮ ਸਤਿਗੁਰ ਦੇ ਸੰਗ ਨਾਲ ਪ੍ਰਾਪਤ ਹੁੰਦਾ ਹੈ। ਮਨੁੱਖ ਦੀ ਸੁਰਤ ਦਾ ਸੰਗ ਗਿਆਨ-ਗੁਰੂ (ਸਤਿਗੁਰ) ਨਾਲ ਹੁੰਦਾ ਹੈ, ਇਸਨੂੰ ਸਤਸੰਗਤ ਕਹਿੰਦੇ ਹਨ। ਸਤਿਗੁਰ (ਗਿਆਨ-ਗੁਰੂ) ਮਨੁੱਖ ਦਾ ਧਿਆਨ ਉਸ ਦੇ ਮੈਲੇ ਮਨ ਵਲ ਪੁਆਉਂਦਾ ਹੈ, ਜਿਸ ਰਾਹੀਂ ਮਨੁੱਖ ਦੀ ਸੁਰਤ ਘੜੀ ਜਾਂਦੀ ਹੈ। ਸੱਚ ਦੀ ਸੰਗਤ ਨਾਲ ਮਨੁੱਖ ਆਪਣੀਆਂ ਮਾੜੀਆਂ ਕਰਤੂਤਾਂ ਤੋਂ ਛੁੱਟ ਕੇ ਅਸਲੀਅਤ 'ਚ ਮਨੁੱਖਾ ਜਨਮ ਪ੍ਰਾਪਤ ਕਰ ਲੈਂਦਾ ਹੈ। ਸਤਿਗੁਰ ਰਾਹੀਂ ਅਮਲੀ ਜੀਵਨੀ ਜਿਊਣਾ ਹੀ ਸੇਵਾ ਦਾ ਲਖਾਇਕ ਹੈ। ਅਜਿਹੀ ਜੀਵਨੀ ਜਿਊਂਦਿਆਂ ਮਨੁੱਖ ਝੂਠਾ ਮਾਨ, ਹੰਕਾਰ ਛੱਡਦਾ ਜਾਂਦਾ ਹੈ। ਪਸ਼ੂ ਵਾਲੀਆਂ ਕਰਤੂਤਾਂ ਤੋਂ ਉੱਪਰ ਉੱਠ ਕੇ ਮਨੁੱਖਤਾ ਭਰਪੂਰ ਜੀਵਨੀ ਪ੍ਰਾਪਤ ਕਰਨ ਲਈ ਝੂਠੇ ਮਾਨ ਅਭਿਮਾਨ ਵਿਚ ਖਚਤ ਮਨ ਦੀ ਮੈਲ ਮਿਟਾ ਕੇ ਮਾਨਸ ਦੇਹੀ ਪ੍ਰਾਪਤ ਕਰ ਲੈਂਦਾ ਹੈ। **ਗੁਰ ਸੇਵਾ ਤੇ ਭਗਤਿ ਕਮਾਈ ਤਬ ਇਹ ਮਾਨਸ ਦੇਹੀ ਪਾਈ।** ਐਸੀ ਜੀਵਨੀ ਹੀ ਜੀਵਤ ਮਰਹਿ ਦੀ ਲਖਾਇਕ ਹੈ।

**ਪਦਾ ਚਉਥਾ:- ਜੋ ਕਿਛੁ ਹੋਆ... ਹਰਿ ਹਰਿ ਗੁਣ ਗਾਇ।।੪।।**

ਐ ਮੇਰੇ ਮਨ, ਸਤਿਗੁਰ ਅਨੁਸਾਰ ਜੀਵਨੀ ਜਿਊ ਕੇ ਨਵਾਂ ਜਨਮ (ਭਇਓ ਜਨਮ ਪ੍ਰਾਪਤ) ਲੈ ਕੇ ਤੂੰ ਝੂਠੇ ਮਾਣ, ਹੰਕਾਰ ਤੋਂ ਛੁਟ ਚੁਕਾ ਹੋਵੇਂਗਾ। ਸੋ ਤੂੰ ਇਹ ਵੀ ਮਾਣ ਨਹੀਂ ਕਰ ਸਕੇਂਗਾ ਕਿ ਮੈਨੂੰ ਇਹ ਸਰੀਰਕ ਜਨਮ, ਮੇਰੇ ਕੀਤੇ ਕਰਮਾਂ ਕਾਂਡਾਂ ਜਾਂ ਮੇਰੇ ਅਖੌਤੀ ਪਿਛਲੇ ਜਨਮਾਂ ਦੇ ਭਾਗ, ਕਿਸਮਤ ਜਾਂ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ। ਐ ਮੇਰੇ ਮਨ, ਤੂੰ ਨਿਮਰਤਾ ਵਿਚ ਆਖਣ ਲਗ ਜਾਏਂਗਾ ਕਿ **"ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 736) ਭਾਵ ਰੱਬ ਜੀ 'ਕਰਣ-ਕਾਰਨ' ਹਨ, ਕੋਈ ਹੋਰ ਦੂਜੀ ਤਾਕਤ ਹੈ ਹੀ ਨਹੀਂ, ਜੋ ਉੱਪਰਲੇ ਪਦਿਆਂ ਵਿਚ ਵਿਚਾਰੀਆਂ ਜੂਨੀਆਂ ਵਾਲੇ ਕਰਮਾਂ ਤੋਂ, ਕਰਤੂਤਾਂ ਤੋਂ ਮਨੁੱਖ ਨੂੰ ਛੁਡਾਵੇ ਅਤੇ ਪਰਮਪਦ ਦਿਵਾਵੇ। ਮਨੁੱਖ 'ਸਦ ਜੀਵਣ' (ਮੁਕਤ ਅਵਸਥਾ) 'ਚ ਰਹਿੰਦਾ ਹੈ ਕਿਉਂਕਿ ਰੱਬੀ ਗੁਣਾਂ ਅਨੁਸਾਰ ਗੁਣਾਂ ਭਰਪੂਰ ਜੀਵਨੀਜਿਊਣੀ ਹੀ ''ਹਰਿ ਹਰਿ ਗੁਣ ਗਾਇ" ਦਾ ਲਖਾਇਕ ਹੁੰਦੀ ਹੈ।

ਸੋ ਇਸ ਸ਼ਬਦ ਨਾਲ ਰਲਾ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਇਸੇ ਰਾਗ 'ਚ ਅਗਲੇ ਪਿਛਲੇ ਸ਼ਬਦਾਂ ਨੂੰ ਵਿਚਾਰ ਕੇ ਵੇਖੀਏ ਤਾਂ 176-177 ਪੰਨੇ 'ਤੇ ਦੋ ਸ਼ਬਦ ਹਨ **'ਕਰਮ ਭੂਮਿ ਮਹਿ ਬੋਅਹੁ ਨਾਮੁ'।।** ਅਤੇ **'ਕਿਉ ਭ੍ਰਮੀਐ ਭ੍ਰਮੁ ਕਿਸ ਕਾ ਹੋਈ'।।**- ਇਨ੍ਹਾਂ ਦੋਵੇਂ ਸ਼ਬਦਾਂ ਰਾਹੀਂ ਵੀ ਮਨੁੱਖ ਦੇ ਮਨ ਨੂੰ ਸਮਝਾਇਆ ਹੈ ਕਿ ਤੂੰ ਨਾ ਭਟਕ, ਨਾ ਭ੍ਰਮ, ਨਾ ਗਵਨ 'ਚ ਪੈ, ਸਤਿਗੁਰ (ਸੱਚ ਦੇ ਗਿਆਨ, divine wisdom) ਅੱਗੇ ਆਪਣੇ ਆਪ ਨੂੰ ਸਮਰਪਣ ਕਰ ਦੇ ਤੇ ਆਪਣੇ ਇਸ ਜੀਵਨ 'ਚ ਰੱਬੀ ਗੁਣ ਰੂਪੀ ਬੀਜ ਬੋਅ ਤਾ ਕਿ ਮਨੁੱਖਾ ਜਨਮ 'ਚ ਜਿਊਂਦੇ ਜੀਅ ਹੋਰਨਾਂ ਜੂਨੀਆਂ ਦੇ ਕਰਮਾਂ 'ਚ ਭਟਕਣਾ ਨਾ ਪਵੇ।

ਆਓ ਹੁਣ ਵਿਚਾਰੀਏ ਕਿ ਕਿਵੇਂ ਮਨੁੱਖ ਅੰਦਰ ਸਾਰੀਆਂ ਜੂਨੀਆਂ ਦੇ ਕਰਮਾਂ ਵਾਲੀ ਬਿਰਤੀ ਹੈ ? ਕਿਵੇਂ ਮਨੁੱਖ ਸਰੀਰਕ ਜਨਮ ਪ੍ਰਾਪਤ ਕਰਕੇ ਵੀ ਜਿਊਂਦੇ ਜੀਅ ਹੋਰ ਜੂਨੀਆਂ ਵਾਲੀ ਬਿਰਤੀ 'ਚ ਭਟਕਦਾ ਰਹਿੰਦਾ ਹੈ ਅਤੇ ਸਤਿਗੁਰ (ਗਿਆਨ-ਗੁਰੂ) ਅੱਗੇ ਸਮਰਪਣ ਕਰਕੇ ਮਨੁੱਖ ਦੀ ਸੋਚ ਵਿਚ ਕੀ-ਕੀ ਤਬਦੀਲੀ ਆਉਂਦੀ ਹੈ।

ਇਹ ਵਿਚਾਰਨਯੋਗ ਨੁਕਤਾ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਨੇਕ ਪ੍ਰਮਾਣ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਇਸ ਸ੍ਰਿਸ਼ਟੀ 'ਚ ਜੋ ਕੁਝ ਵੀ ਹੈ ਉਹ ਸਭ ਕੁਝ ਰੱਬੀ ਕਿਰਤ ਹੈ। ਇਸ ਕਰਕੇ ਮਨੁੱਖਾ ਜੂਨ ਤੋਂ ਇਲਾਵਾ ਜੋ ਵੀ ਬੇਅੰਤ ਜੂਨੀਆਂ ਬਾਰੇ ਅਸੀਂ ਵੇਖਦੇ, ਪੜਦੇ ਸੁਣਦੇ ਹਾਂ, ਉਨ੍ਹਾਂ ਦੀਆਂ ਮਾੜੀਆਂ ਕਰਤੂਤਾਂ ਤੋਂ ਮਨੁੱਖ ਨੂੰ ਸੁਚੇਤ ਕੀਤਾ ਗਿਆ ਹੈ। ਉਨ੍ਹਾਂ ਦੇ ਚੰਗੇ ਗੁਣਾਂ ਨੂੰ ਧਾਰਨ ਕਰਣ ਲਈ ਮਨੁੱਖ ਨੂੰ ਪ੍ਰੇਰਿਆ ਵੀ ਗਿਆ ਹੈ ਕਿ ਉਨ੍ਹਾਂ ਦਾ ਚੰਗਾ ਗੁਣ ਧਾਰਨ ਕਰ। ਇਹ ਵੀ ਚੇਤੇ ਰਖਣਾ ਹੈ ਕਿ ਮਨੁੱਖ ਤੋਂ ਇਲਾਵਾ ਬਾਕੀ ਜੂਨੀਆਂ ਕੋਲ ਅਕਲ (ਬਿਬੇਕਤਾ, ਵਿਚਾਰਨ ਯੋਗ ਬੁਧੀ) ਨਹੀਂ ਹੈ ਇਸ ਕਰਕੇ ਉਨ੍ਹਾਂ ਨੂੰ ਆਪਣੇ ਸੁਭਾਅ ਅਨੁਸਾਰ ਹੀ ਕਰਮ ਕਰਨੇ ਪੈਂਦੇ ਹਨ। ਅਸੀਂ ਉਨ੍ਹਾਂ ਦੇ ਕਰਮਾਂ ਨੂੰ ਨਿੰਦ ਨਹੀਂ ਸਕਦੇ, ਪਰ ਮਨੁੱਖ ਨੇ ਉਨ੍ਹਾਂ ਦੇ ਚੰਗੇ ਮੰਦੇ ਕਰਮਾਂ ਦੀ ਵਿਚਾਰ ਕਰਕੇ ਆਪਣਾ ਜੀਵਨ ਰੱਬੀ ਗੁਣਾਂ ਵਾਲਾ ਬਣਾਉਣਾ ਹੈ ਤਾ ਕਿ ਮਨੁੱਖ ਨੂੰ, ਆਤਮਕ ਉੱਚਤਾ ਵਾਲਾ ਨਵਾਂ ਜਨਮ (ਮਰਨ ਮਗਰੋਂ ਨਹੀਂ) ਇਸੇ ਸਰੀਰਕ ਜੀਵਨ ਵਿਚ ਹੀ ਪ੍ਰਾਪਤ ਹੋ ਜਾਵੇ। ਇਸੇ ਨੂੰ ਪਰਮਪਦ, ਆਤਮਕ ਉੱਚਾ ਜੀਵਨ, ਉਰਧਕਮਲ ਬਿਗਾਸ, ਜੀਵਨ ਮੁਕਤ, ਨਿਰਵਾਨ ਪਦ ਕਹਿੰਦੇ ਹਨ ਅਤੇ ਇਹੋ ਹੀ ਗੁਰਮੁਖੀ ਜੀਵਨੀ ਕਹਿਲਾਉਂਦੀ ਹੈ।

ਆਓ ਹੁਣ ਇਸੇ ਵਿਸ਼ੇ ਨੂੰ ਸਮਝਣ ਲਈ ਸੁਖਮਨੀ ਸਾਹਿਬ ਦੀਆਂ ਇਨ੍ਹਾਂ ਪੰਕਤੀਆਂ ਨੂੰ ਵਿਚਾਰੀਏ :- **ਬੈਰ ਬਿਰੋਧ ਕਾਮ ਕ੍ਰੋਧ ਮੋਹ।। ਝੂਠ ਬਿਕਾਰ ਮਹਾ ਲੋਭ ਧ੍ਰੋਹ।। ਇਆਹੂ ਜੁਗਤਿ ਬਿਹਾਨੇ ਕਈ ਜਨਮ।। ਨਾਨਕ ਰਾਖਿ ਲੇਹੁ ਆਪਨ ਕਰਿ ਕਰਮ।।** (ਗੁਰੂ ਗ੍ਰੰਥ ਸਾਹਿਬ, ਪੰਨਾ : 267) ਰੱਬ ਜੀ ਨੂੰ ਵਿਸਾਰ ਕੇ ਮਨੁੱਖ ਰੋਜ਼-ਰੋਜ਼, ਵੈਰ, ਵਿਰੋਧ, ਕਾਮ, ਕ੍ਰੋਧ, ਝੂਠ, ਵਿਕਾਰ, ਲੋਭ, ਈਰਖਾ, ਮੋਹ ਵਿਚ ਫਸ ਕੇ ਆਪਣੇ ਜੀਵਨ ਦਾ ਵਡਮੁਲਾ ਸਮਾਂ ਜਾਇਆ ਕਰ ਰਿਹਾ ਹੈ। ਇਸ ਤਰੀਕੇ ਨਾਲ ਜੀਵਨ ਜਿਊਦਿਆਂ ਮਾਨੋ ਕਈ ਜਨਮ ਬੀਤ ਗਏ ਹਨ। ਹੁਣ ਮੈਨੂੰ ਸੁਮਤ ਬਖ਼ਸ਼ੋ, ਰੱਖ ਲਵੋ, ਆਪਣੀ ਬਖ਼ਸ਼ਿਸ਼ ਕਰ ਕੇ ਵਿਕਾਰਾਂ ਦੇ ਭਵਜਲ ਵਿਚ ਡੁੱਬਣ ਤੋਂ ਬਚਾ ਲਵੋ।

**ਆਸਾ ਸ੍ਰੀ ਕਬੀਰ ਜੀਉ।।**

**ਫੀਲੁ ਰਬਾਬੀ ਬਲਦੁ ਪਖਾਵਜ ਕਊਆ ਤਾਲ ਬਜਾਵੈ।। ਪਹਿਰਿ ਚੋਲਨਾ ਗਦਹਾ ਨਾਚੈ ਭੈਸਾ ਭਗਤਿ ਕਰਾਵੈ।।੧।। ਰਾਜਾ ਰਾਮ ਕਕਰੀ ਆਬਰੇ ਪਕਾਏ।। ਕਿਨੈ ਬੂਝਨਹਾਰੈ ਖਾਏ।।੧।।ਰਹਾਉ।। ਬੈਠਿ ਸਿੰਘੁ ਘਰਿ ਪਾਨ ਲਗਾਵੈ ਘੀਸ ਗਲਉਰੇ ਲਿਆਵੈ।। ਘਰਿ ਘਰਿ ਮੁਸਰੀ ਮੰਗਲੁ ਗਾਵਹਿ ਕਛੂਆ ਸੰਖੁ ਬਜਾਵੈ।।੨।। ਬੰਸ ਕੋ ਪੂਤੁ ਬੀਆਹਨ ਚਲਿਆ ਸੁਇਨੇ ਮੰਡਪ ਛਾਏ।। ਰੂਪ ਕੰਨਿਆ ਸੁੰਦਰਿ ਬੇਧੀ ਸਸੈ ਸਿੰਘ ਗੁਨ ਗਾਏ।।੩।। ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ।। ਕਛੂਆ ਕਹੈ ਅੰਗਾਰ ਭਿ ਲੋਰਉ ਲੂਕੀ ਸਬਦੁ ਸੁਨਾਇਆ।।੪।।੬।।**

(ਗੁਰੂ ਗ੍ਰੰਥ ਸਾਹਿਬ, ਪੰਨਾ : 477)

ਗੁਰੂ ਗ੍ਰੰਥ ਸਾਹਿਬ ਜੀ ਦੇ ਇਸ ਸ਼ਬਦ ਰਾਹੀਂ ਕਬੀਰ ਸਾਹਿਬ ਸੁਚੇਤ ਕਰਵਾ ਰਹੇ ਹਨ ਕਿ ਸਤਿਗੁਰ, ਗਿਆਨ-ਗੁਰੂ ਦਾ ਲੜ ਨਾ ਫੜਨ ਕਾਰਨ ਮਨੁੱਖ ਦੇ ਅੰਦਰ ਦੀਆਂ ਜਾਨਵਰ, ਪਸ਼ੂ, ਪੰਛੀ ਵਾਲੀਆਂ ਬਿਰਤੀਆਂ ਨਕਾਰਾਤਮਕ ਕਰਮ ਕਰਵਾਉਂਦੀਆਂ ਹਨ। ਸਤਿਗੁਰ (ਗਿਆਨ-ਗੁਰੂ) ਰਾਹੀਂ ਮਨੁੱਖ ਉਨ੍ਹਾਂ ਬਿਰਤੀਆਂ ਤੋਂ ਆਪਣਾ ਸੁਭਾਅ ਬਦਲ ਲੈਂਦਾ ਹੈ ਅਤੇ ਸਕਾਰਾਤਮਕ ਕਰਮ ਕਰਨ ਲੱਗ ਪੈਂਦਾ ਹੈ। ਇਸ ਸ਼ਬਦ ਦੇ ਰਹਾਉ ਪਦੇ ਵਿਚ ਕਬੀਰ ਸਾਹਿਬ ਕਹਿ ਰਹੇ ਹਨ ਕਿ ਅੱਕ ਦੇ ਬੂਟੇ ਤੇ ਲਗੀ ਕਕਰੀ ਬਾਹਰੋਂ ਅੰਬ ਵਾਂਗੂੰ ਸੋਹਣੀ ਲਗਦੀ ਹੈ ਪਰ ਉਸਦਾ ਸੁਆਦ ਅੰਬ ਵਰਗਾ ਨਹੀਂ ਹੁੰਦਾ। ਉਸੇ ਤਰ੍ਹਾਂ ਇਨ੍ਹਾਂ ਪਸ਼ੂ, ਪੰਛੀਆਂ, ਜੀਵਾਂ-ਜੰਤਾਂ ਦੀ ਬਿਰਤੀ ਨਾਲ ਕੀਤੇ ਕਰਮ, ਮਨੁੱਖ ਨੂੰ ਕਕਰੀ (ਅੱਕ) ਵਾਂਗੂੰ ਦੇਖਣ ਨੂੰ ਚੰਗੇ ਲਗਦੇ ਹਨ ਪਰ ਅਸਲੀਅਤ 'ਚ, ਉਨ੍ਹਾਂ ਮਾੜੇ ਕੀਤੇ ਕਰਮਾਂ ਦਾ ਜ਼ਹਿਰੀਲਾ ਨੁਕਸਾਨ ਮਨੁੱਖ ਦੇ ਮਨ ਨੂੰ ਹੁੰਦਾ ਹੈ। 'ਭਲੇ-ਬੁਰੇ' ਕਰਮਾਂ ਦੀ ਚੋਣ (ਵੰਡ) ਕਰਕੇ, ਬੁਰੇ ਕਰਮਾਂ ਦਾ ਕਕਰੀ ਵਰਗਾ ਸੁਆਦ ਅਤੇ ਚੰਗੇ ਕਰਮਾਂ ਦਾ ਅੰਬ ਵਰਗਾ ਸੁਆਦ ਪਰਖ ਲਈਏ ਤਾਂ ਸਾਡੀ ਜੀਵਨੀ, ਸਾਡਾ ਸੁਭਾਅ (ਆਦਤਾਂ) ਕਕਰੀ ਬਦਲੇ ਅੰਬ ਵਾਂਗੂੰ ਮਿਠਾਸ ਭਰਪੂਰ ਹੋ ਸਕਦੀ ਹੈ। "ਕਿਨੈ ਬੂਝਨ ਹਾਰੈ

ਖਾਏ" ਅਨੁਸਾਰ ਜਦੋਂ ਮਨੁੱਖ ਆਪਣੇ ਮਨ ਨੂੰ ਗਿਆਨ-ਗੁਰੂ ਦੀ ਟੇਕ ਦੇ ਦੇਂਦਾ ਹੈ ਤਾਂ ਉਹ ਇਸ ਨੂੰ ਬੁਝ ਲੈਂਦਾ ਹੈ ਤੇ ਇਸਦਾ ਅਨੰਦ ਮਾਣਦਾ ਹੈ। ਜੋ ਮਨੁੱਖ ਸਤਿਗੁਰ (divine wisdom) ਰਾਹੀਂ ਉੱਚੀ ਜੀਵਨੀ ਪ੍ਰਾਪਤ ਕਰ ਲੈਂਦਾ ਹੈ ਤਾਂ ਇਹੋ ਮਨੁੱਖਾ ਜੀਵਨੀ, ਸਫਲ ਜੀਵਨ (ਆਦਰਸ਼ਕ ਜੀਵਨ) ਬਣ ਜਾਂਦੀ ਹੈ। ਜੇ ਸੱਚੀ, ਸਦਾਚਾਰੀ ਮਨੁੱਖਤਾ ਭਰਪੂਰ, ਗੁਰਮੁਖੀ, ਇਨਸਾਨੀਅਤ ਭਰਪੂਰ ਜੀਵਨੀ (ideal, truthful living) ਨਹੀਂ ਹੈ ਤਾਂ ਇਹ ਮਨੁੱਖਾ ਜੀਵਨ ਵਿਅਰਥ ਹੈ, ਪਸ਼ੁਤਾ ਦੇ ਤੁਲ ਹੈ। ਇਸੀ ਸ਼ਬਦ ਵਿਚ ਕਬੀਰ ਸਾਹਿਬ ਦ੍ਰਿੜ੍ਹ ਕਰਵਾ ਰਹੇ ਹਨ ਕਿ ਪਹਿਲਾਂ ਮੇਰੇ ਮਨ ਦੀ ਅਵਸਥਾ 'ਚ ਫੀਲ (ਹਾਥੀ), ਬਲਦ, ਕਾਂ, ਖੋਤਾ, ਝੋਟਾ, ਵਰਗੀਆਂ ਬਿਰਤੀਆਂ ਸਨ। ਜਿਵੇਂ ਹਾਥੀ ਵਾਂਗੂੰ ਕਾਮੀ, ਹੰਕਾਰੀ, ਬਲਦ ਵਾਂਗੂੰ ਲੜਾਕਾ ਸੁਭਾ, ਕਾਂ ਵਾਂਗੂੰ ਕਾਂ-ਕਾਂ ਕਰਕੇ ਬੇਮਤਲਬ ਬੋਲਣਾ, ਕੁਝ ਚੰਗਾ ਨਾ ਸੁਣਨਾ, ਗੰਦਰਗੀ ਖਾਣਾ, ਖੋਤੇ ਵਾਂਗੂੰ ਭਾਰ ਚੁਕੀ ਫਿਰਨਾ, ਬੇਅਕਲ, ਦੁਲੱਤੀ ਮਾਰਨਾ ਅਤੇ ਭੈਂਸੇ, ਝੋਟੇ ਵਾਂਗੂੰ ਸੱਚ ਨੂੰ ਨਾ ਸਮਝਣਾ, ਹਰੇਕ ਜਗ੍ਹਾ ਬਹਿਸ ਕਰਕੇ ਸਿੰਗ ਫਸਾ ਕੇ ਲੜਨਾ ਐਸੀਆਂ ਆਦਤਾਂ ਵਾਲਾ ਸੁਭਾਅ ਸੀ। ਭਾਵ ਮੈਂ ਮਨੁੱਖ ਹੋ ਕੇ ਵੀ ਉਨ੍ਹਾਂ ਜੂਨੀਆਂ ਵਾਲੇ ਕਰਮ (deeds) ਕਰਦਾ ਰਹਿੰਦਾ ਸੀ ਪਰ ਹੁਣ ਮੈਂ ਹਰੇਕ ਖਿਆਲ ਨੂੰ 'ਸਤਿਗੁਰ' (divine wisdom) ਰਾਹੀਂ ਪਰਖ ਕੇ ਆਪਣੇ ਕਰਮ ਦਾ ਹਿੱਸਾ ਬਣਾਉਂਦਾ ਹਾਂ ਇਸ ਲਈ ਉਨ੍ਹਾਂ ਜੂਨਾਂ ਵਾਲੇ ਕਰਮ, ਖਿਆਲ ਛੱਡ ਦਿਤੇ ਹਨ। ਹੁਣ ਮੇਰੇ 'ਚ ਰੱਬੀ ਗੁਣਾਂ ਵਾਲੀ ਰਬਾਬ (ਨਿਮਰਤਾ ਅਤੇ ਕਾਮ ਰਹਿਤ ਬਿਰਤੀ) ਚੰਗੇ ਕਰਮਾਂ ਲਈ ਉੱਦਮ, ਤਾਲ ਭਰਪੂਰ ਜੀਵਨੀ ਅਤੇ ਜਾਨਵਰਾਂ ਵਾਲੀ ਬਿਰਤੀ ਤੋਂ ਸੁਚੇਤ ਮਨੁਖਤਾ ਭਰਪੂਰ ਜੀਵਨੀ ਦੇ ਸਾਰੇ ਰੱਬੀ ਗੁਣ ਆ ਗਏ ਹਨ। **"ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।। ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 466) ਸਤਿਗੁਰ ਰਾਹੀਂ ਸੁਭਾਅ ਬਦਲਣ ਕਾਰਨ, ਮੈਨੂੰ ਮਾੜੇ ਕਰਮਾਂ ਤੋਂ ਮੁਕਤੀ ਮਿਲ ਗਈ, ਹੁਣ ਮੈਨੂੰ ਮਾੜੇ ਫੁਰਨੇ ਫੁਰਦੇ ਹੀ ਨਹੀਂ। ਇਸ ਕਰਕੇ ਆਪ ਮੁਹਾਰੇ ਮੇਰਾ ਜੀਵਨ ਮਨੁਖਤਾ ਭਰਪੂਰ, ਸਦ ਗੁਣੀ (ਰੱਬੀ ਗੁਣਾਂ) ਸੱਚੀ ਜੀਵਨੀ ਵਾਲਾ ਬਣ ਗਿਆ ਹੈ, ਜਿਸ ਦਾ ਸਦਕਾ ਮੰਦੇ ਕਰਮਾਂ ਤੋਂ ਮੈਨੂੰ ਆਪਣੇ ਆਪ ਨੂੰ ਰੋਕਣਾ ਨਹੀਂ ਪੈਂਦਾ, ਮੇਰੇ ਤੋਂ ਚੰਗੇ ਕਰਮ ਆਪੇ ਹੁੰਦੇ ਹਨ। ਜਾਗੇ ਮਨ ਕਾਰਨ, ਮੰਦੇ ਖਿਆਲ ਅਤੇ ਫੁਰਨੇ ਮੇਰੀ ਸੁਰਤ, ਬੁਧੀ

ਵਿਚ ਉਪਜਦੇ ਹੀ ਨਹੀਂ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਇਸੇ ਨੂੰ ਜਨਮ ਮਰਨ ਤੋਂ ਰਹਿਤ, ਆਵਾਗਵਨ ਨਿਵਾਰਿਆ, ਜੀਵਨ ਮੁਕਤ ਅਵਸਥਾ ਕਹਿੰਦੇ ਹਨ।

**"ਏਹੁ ਜੀਉ ਬਹੁਤੇ ਜਨਮ ਭਰੰਮਿਆ ਤਾ ਸਤਿਗੁਰਿ ਸਬਦੁ ਸੁਣਾਇਆ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 465) ਇਸ ਪੰਕਤੀ ਦੇ ਅਰਥ ਜੇਕਰ ਇਹ ਸਮਝ ਲਈਏ ਕਿ ਅਨੇਕ ਜਨਮਾਂ (ਜੂਨਾਂ) 'ਚ ਭਟਕਦਾ ਹੋਇਆ ਜੀਅ ਸਤਿਗੁਰ ਦਾ ਸ਼ਬਦ ਸੁਣ ਕੇ ਆਵਾਗਵਨ ਤੋਂ ਛੁਟ ਜਾਵੇਗਾ ਤਾਂ ਅਸੀਂ ਅਗਿਆਨਤਾਵੱਸ, ਭੁਲੇਖੇ ਵਿਚ ਹਾਂ। ਇਸ ਲਈ ਇਸ ਪੰਕਤੀ ਦੇ ਭਾਵ ਅਰਥ ਗੁਰਮਤ ਸਿਧਾਂਤਾਂ ਅਨੁਸਾਰ ਸਮਝਣੇ ਹਨ, ਜਦੋਂ ਮਨੁੱਖ ਹਉਮੈ ਛੱਡ, ਆਪਾ ਤਿਆਗ ਕੇ ਗਿਆਨ-ਗੁਰੂ (divine wisdom) ਪ੍ਰਾਪਤ ਕਰਦਾ ਹੈ ਤਾਂ ਇਸ ਦੀ ਮਤ (ਬੁੱਧੀ, ਸੁਰਤ) ਹੋਰਨਾਂ ਜੂਨੀਆਂ ਵਾਲੀ ਕਰਤੂਤਾਂ 'ਤੋਂ ਹਟ ਕੇ, ਮਨੁੱਖਤਾ ਭਰਪੂਰ, ਰੱਬੀ ਗੁਣਾਂ ਵਾਲੀ ਚੰਗੀ ਜੀਵਨੀ ਵਲ ਪਰਤਦੀ ਹੈ।

ਹੂਬਹੂ ਇਸੀ ਵਿਚਾਰ ਨੂੰ ਮੁੱਖ ਰੱਖਦਿਆਂ **"ਗੁਰ ਸੇਵਾ ਤੇ ਭਗਤਿ ਕਮਾਈ।। ਤਬ ਇਹ ਮਾਨਸ ਦੇਹੀ ਪਾਈ।।"** (ਗੁਰੂ ਗ੍ਰੰਥ ਸਾਹਿਬ, ਪੰਨਾ : 1159) ਪੰਕਤੀ ਨੂੰ ਸਮਝਣਾ ਪਵੇਗਾ। ਜੇ ਕਰ ਹਜ਼ਾਰਾਂ ਸਾਲਾਂ ਤੋਂ ਚਲੀ ਆ ਰਹੀ ਵਿਚਾਰਧਾਰਾ ਅਨੁਸਾਰ ਅਰਥ ਕਰੀਏ ਤਾਂ ਟਪਲਾ ਲਗਦਾ ਹੈ ਕਿਉਂਕਿ, ਉਸ ਅਨੁਸਾਰ ਲੋਕੀ ਮੰਨਦੇ ਹਨ ਮਨੁੱਖਾ ਜਨਮ ਦੀ ਪ੍ਰਾਪਤੀ ਪਿਛਲੇ ਜਨਮ (ਜੂਨੀਆਂ) 'ਚ ਗੁਰੂ ਦੀ ਸੇਵਾ ਭਗਤੀ ਕਰਨ ਨਾਲ ਹੁੰਦੀ ਹੈ। ਸੋਚਣਾ ਪਵੇਗਾ ਕਿ ਕੌਣ 'ਕੁੱਤਾ, ਬਿੱਲੀ, ਸੱਪ, ਖੋਤਾ' ਗੁਰੂ ਦੀ ਸੇਵਾ ਜਾਂ ਭਗਤੀ ਕਰਦੇ ਹਨ ਤੇ ਮਨੁੱਖਾ ਜਨਮ ਲੈਂਦੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਅਨੁਸਾਰ ਇਸਦੇ ਭਾਵ ਅਰਥ ਸਮਝ ਪੈਂਦੇ ਹਨ ਕਿ "ਜਿਸ ਮਨੁੱਖ ਨੇ ਸਰੀਰਕ ਜਨਮ ਪ੍ਰਾਪਤ ਕਰ ਲਿਆ ਹੈ ਪਰ ਗਿਆਨ-ਗੁਰੂ ਅਨੁਸਾਰ ਜੀਵਨੀ ਨਹੀਂ ਜੀਵੀ ਤਾਂ ਉਹ ਮਨੁੱਖ ਕੇਵਲ ਸਰੀਰਕ ਤੌਰ 'ਤੇ ਮਨੁੱਖ ਦਿਸਦਾ ਹੈ ਪਰ ਕਰਤੂਤਾਂ ਕਰਕੇ ਪਸ਼ੂ ਜੂਨ ਵਿੱਚ ਹੀ ਹੈ। ਸੋ ਸਤਿਗੁਰ (divine wisdom) ਰਾਹੀਂ ਆਪਾ ਨਿਵਾਰ ਕੇ ਸੱਚੀ ਜੀਵਨੀ ਜਿਊਣ ਵਾਲਾ ਹੀ **"ਤਬ ਇਹ ਮਾਨਸ ਦੇਹੀ ਪਾਈ"** ਕਹਿਲਾਉਣ ਦਾ ਹਕਦਾਰ ਹੈ।

ਹੁਣ ਤਕ ਅਸੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਨੁਸਾਰ ਆਵਾਗਵਨ, ਜਨਮ ਮਰਨ, ਪੁਨਰਜਨਮ ਅਤੇ ਅੰਤ ਕਾਲ ਬਾਰੇ ਕਾਫੀ ਕੁਝ ਵਿਚਾਰ ਚੁਕੇ ਹਾਂ। ਆਓ ਹੋਰ ਅਗੇ ਵਧੀਏ ਅਤੇ ਗੁਰਮਤ ਅਨੁਸਾਰ ਵਿਚਾਰੀਏ ਕਿ "ਜਿਉਂਦੇ-ਜੀਅ ਮੁਕਤ" ਅਵਸਥਾ ਕਿਵੇਂ ਪ੍ਰਾਪਤ ਕਰ ਸਕਦੇ ਹਾਂ ?

**1. ਰਾਮ ਰਤਨੁ ਤਬ ਪਾਈਐ ਜਉ ਪਹਿਲੇ ਤਜਹਿ ਸਰੀਰੁ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 1366)

ਮਨੁੱਖ ਨੇ ਜੋ ਮਾਇਆ ਵਿਚ ਖਚਤ, ਦਿਖਾਵੇ ਵਾਲਾ ਝੂਠਾ ਸਰੀਰ ਬਣਾਇਆ ਹੋਇਆ ਹੈ, ਉਸਨੂੰ ਛੱਡੇ ਬਿਨਾ 'ਰਾਮ ਰਤਨ' ਭਾਵ ਰੱਬੀ ਗੁਣ ਪ੍ਰਾਪਤ ਨਹੀਂ ਹੋ ਸਕਦੇ।

**2. ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।**

**ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।**

(ਗੁਰੂ ਗ੍ਰੰਥ ਸਾਹਿਬ, ਪੰਨਾ : 1102)

ਐ ਮਨੁੱਖ, ਤੂੰ ਪਹਿਲਾਂ ਹਉਮੈ, ਘਮੰਡ ਛੱਡ ਕੇ ਵਿਕਾਰਾਂ 'ਚ ਖੱਚਤ ਜੀਵਨੀ ਤੋਂ ਮਰਨਾ ਸਿਖ ਭਾਵ ਨਿਮਰਤਾ ਭਰਪੂਰ ਜੀਵਨੀ ਸਿਖ (ਹੋਹੁ ਸਭਨਾ ਕੀ ਰੇਣਕਾ) ਤਾਂ ਹੀ ਜਿਊਂਦਿਆਂ ਰੱਬੀ ਮਿਲਨ ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈਂ।

**3. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ।। ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ।। ਗੁਰ ਪਰਸਾਦੀ ਜੀਵਤੁ ਮਰੈ ਉਲਟੀ ਹੋਵੈ ਮਤਿ ਬਦਲਾਹੁ।। ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ।।੧।।**

(ਗੁਰੂ ਗ੍ਰੰਥ ਸਾਹਿਬ, ਪੰਨਾ : 651)

**ਭਾਵ ਅਰਥ** : ਅਗਿਆਨਤਾ ਕਾਰਨ ਮਨ ਨੂੰ ਅਨੇਕ ਜੂਨੀਆਂ (ਇਸੇ ਜੀਵਨ ਵਿਚ ਜਿਊਂਦਿਆਂ ਪਲ-ਪਲ ਦਾ ਆਵਾਗਵਨ) ਵਾਲੇ ਕਰਮਾਂ ਦੀ ਮੈਲ ਲੱਗੀ ਹੋਈ ਹੈ ਅਤੇ ਕਾਲਾ ਸਿਆਹ ਹੋਇਆ ਪਿਆ ਹੈ। ਸੱਚ ਦੇ ਗਿਆਨ ਰਾਹੀਂ ਹੀ ਮਨੁੱਖ ਆਪਣੀ ਕੁਮਤ ਨੂੰ ਸੁਮਤ ਵਿਚ ਬਦਲ ਕੇ 'ਜੀਵਤ ਮਰੈ' ਦੀ ਅਵਸਥਾ ਪ੍ਰਾਪਤ ਕਰ ਸਕਦਾ ਹੈ।

ਅਗਿਆਨਤਾ ਵਸ ਮਨੁੱਖ ਦਾ ਮਨ ਕਾਬੂ ਵਿਚ ਨਹੀਂ ਰਹਿੰਦਾ ਇਸ ਕਰਕੇ ਉਸ ਨੂੰ ਭਟਕਾਉਂਦਾ ਰਹਿੰਦਾ ਹੈ ਅਤੇ ਇਸ ਪਾਸੋਂ ਹੋਰਨਾਂ ਜੂਨੀਆਂ ਵਾਲੇ ਮੰਦੇ ਕਰਮ ਕਰਵਾਉਂਦਾ ਹੈ। ਜਿਵੇਂ ਸਰਕਸ ਵਿਚ ਸ਼ੇਰ ਨੂੰ ਸੰਭਾਲਣ ਵਾਲਾ ਜੇ ਅਵੇਸਲਾ ਹੋ ਜਾਵੇ ਤਾਂ ਉਹ ਬੇਕਾਬੂ ਹੋ ਕੇ ਨੁਕਸਾਨ ਪਹੁੰਚਾਉਂਦਾ ਹੈ। ਇਸੇ ਤਰ੍ਹਾਂ ਜੇ ਮਨ ਬੇਲਗਾਮ ਹੋ ਜਾਵੇ ਤਾਂ ਇਹ ਖੁਆਰੀ ਕਰਦਾ ਹੈ ਅਤੇ ਮਨੁੱਖ ਦੀ 'ਆਤਮਕ ਮੌਤ' (ਅੰਤਿ ਕਾਲ) ਦਾ ਕਾਰਨ ਬਣਦਾ ਹੈ।

ਇਸ ਬੇਲਗਾਮ ਮਨ ਨੂੰ ਗਿਆਨ-ਗੁਰੂ (divine wisdom) ਨਾਲ ਬੰਨ੍ਹ ਦਿੱਤਾ ਜਾਏ ਤਾਂ ਇਸ ਕੋਲੋਂ ਸਹੀ ਕਰਮ ਕਰਵਾਏ ਜਾ ਸਕਦੇ ਹਨ ਅਤੇ ਮਨੁੱਖ ਪਲ-ਪਲ ਦੀ ਆਤਮਕ ਮੌਤ ਵਿਚ ਨਾ ਮਰ ਕੇ, ਜੀਵਨ ਮੁਕਤ ਅਵਸਥਾ ਪ੍ਰਾਪਤ ਕਰ ਸਕਦਾ ਹੈ।

**ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ।। ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 469)

**ਭਾਵ ਅਰਥ** :- ਜਿਵੇਂ ਪਾਣੀ ਘੜੇ ਵਿਚ ਬੰਨ੍ਹਿਆ ਰਹਿ ਸਕਦਾ ਹੈ ਅਤੇ ਘੜਾ ਪਾਣੀ ਤੋਂ ਬਿਨਾ ਨਹੀਂ ਬਣ ਸਕਦਾ, ਉਸੀ ਤਰ੍ਹਾਂ ਮਨ ਸੱਚ ਦੇ ਗਿਆਨ ਰੂਪੀ ਘੜੇ ਵਿਚ ਬੰਨ੍ਹਿਆ ਜਾ ਸਕਦਾ ਹੈ ਭਾਵ ਕਾਬੂ ਕੀਤਾ ਜਾ ਸਕਦਾ ਹੈ ਪਰ ਜਦੋਂ ਤਕ ਸੱਚ ਦੇ ਗਿਆਨ ਅਨੁਸਾਰ ਅਮਲੀ ਜੀਵਨ ਨਹੀਂ ਹੈ ਤਾਂ ਤਕ ਸੱਚ ਦੇ ਗਿਆਨ, ਸਤਿਗੁਰ, ਤੱਤ ਗਿਆਨ ਦੀ ਸੋਝੀ ਸਹੀ ਮਾਇਨੇ ਵਿਚ ਨਹੀਂ ਹੋ ਸਕਦੀ।

**ਹਸਤੀ ਸਿਰਿ ਜਿਉ ਅੰਕਸੁ ਹੈ ਅਹਰਣਿ ਜਿਉ ਸਿਰੁ ਦੇਇ।।**
**ਮਨੁ ਤਨੁ ਆਗੈ ਰਾਖਿ ਕੈ ਊਭੀ ਸੇਵ ਕਰੇਇ।।**
**ਇਉ ਗੁਰਮੁਖਿ ਆਪੁ ਨਿਵਾਰੀਐ ਸਭੁ ਰਾਜੁ ਸ੍ਰਿਸਟਿ ਕਾ ਲੇਇ।।**

(ਗੁਰੂ ਗ੍ਰੰਥ ਸਾਹਿਬ, ਪੰਨਾ : 647)

ਜਿਵੇਂ ਹਾਥੀ ਨੂੰ ਅੰਕੁਸ਼ ਰਾਹੀਂ ਕਾਬੂ ਕਰਕੇ ਸਿੱਧਾ ਤੋਰਿਆ ਜਾ ਸਕਦਾ ਹੈ ਅਤੇ ਗਰਮ ਲੋਹੇ ਨੂੰ ਅਹਿਰਣ 'ਤੇ ਰੱਖ ਕੇ ਹਥੌੜੇ ਦੀ ਚੋਟ ਰਾਹੀਂ ਸਿੱਧਾ ਕੀਤਾ ਜਾ ਸਕਦਾ ਹੈ। **'ਅਹਿਰਣ ਮਤ ਵੇਦ ਹਥਿਆਰ'**, ਉਵੇਂ ਹੀ

ਗਿਆਨ-ਗੁਰੂ ਰਾਹੀਂ ਇਸ ਮਨ ਨੂੰ ਕਾਬੂ ਕਰਕੇ ਮਨੁੱਖ ਆਪਣਾ ਜੀਵਨ ਪਸ਼ੂ ਬਿਰਤੀਆਂ ਤੋਂ ਉੱਪਰ ਕਰਕੇ ਮਨੁੱਖਤਾ ਭਰਪੂਰ, ਗੁਰਮੁੱਖੀ ਜੀਵਨ ਜਿਊ ਸਕਦਾ ਹੈ।

ਉੱਪਰ ਵਿਚਾਰੇ ਗਏ ਸ਼ਬਦਾਂ ਰਾਹੀਂ ਅਸੀਂ ਸਮਝ ਰਹੇ ਹਾਂ ਕਿ ਸਤਿਗੁਰ (divine wisdom) ਰਾਹੀਂ ਮਨੁੱਖ ਪਲ-ਪਲ ਦੀਆਂ ਜੂਨੀਆਂ ਤੋਂ ਛੁੱਟ ਕੇ ਆਤਮਕ ਅਵਸਥਾ (ਅਜੂਨੀ) ਮਾਣ ਸਕਦਾ ਹੈ।

ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਢਲੀ ਬਾਣੀ '੧ੴ ਤੋਂ ਲੈ ਕੇ ਗੁਰ ਪ੍ਰਸਾਦਿ' ਰਾਹੀਂ ਸਮਝਾਇਆ ਹੈ ਕਿ ਰੱਬ ਇਕ ਹੈ ਤੇ ਅਸੀਂ ਇਕ ਬਣਨਾ ਹੈ, ਰੱਬ 'ਸਤਿਨਾਮ' ਹੈ ਅਸੀਂ ਸੱਚੀ ਜੀਵਨੀ ਵਾਲਾ ਬਣਨਾ ਹੈ। ਇਸੇ ਤਰ੍ਹਾਂ ਰੱਬ ਜੀ ਅਜੂਨੀ ਹਨ ਤਾਂ ਅਸੀਂ ਵੀ ਅਜੂਨੀ ਬਣਨਾ ਹੈ।

ਸੋ ਅਸੀਂ ਇਹੋ ਵਿਚਾਰਨਾ ਹੈ ਕਿ ਮਨੁੱਖ ਨੇ ਇਸੇ ਸਰੀਰਕ ਜਨਮ 'ਚ ਆਤਮਕ ਮੌਤ ਮਾਰਨ ਵਾਲੇ ਵਿਕਾਰਾਂ ਤੋਂ ਉੱਪਰ ਉਠਣਾ ਹੈ ਤੇ ਮਨੁੱਖਤਾ ਭਰਪੂਰ (ਇਕਮਿਕਤਾ ਵਾਲੀ) ਜੀਵਨੀ ਜਿਊਣੀ ਹੈ ਤਾਕਿ **"ਆਜੁ ਮਿਲਾਵਾ ਸੇਖ ਫਰੀਦ"** ਅਜ ਹੀ, ਹੁਣੇ ਹੀ, ਇਸੇ ਜੀਵਨ 'ਚ ਹੀ ਰੱਬੀ ਮਿਲਨ ਦੀ ਅਵਸਥਾ ਮਾਣ ਸਕੇ। ਉਸ ਲਈ ਗੁਰ-ਗਿਆਨ ਸਾਨੂੰ ਦ੍ਰਿੜ੍ਹ ਕਰਾਉਂਦਾ ਹੈ ਕਿ :-

1. **ਦੁਆਰਹਿ ਦੁਆਰਿ ਸੁਆਨ ਜਿਉ ਡੋਲਤ** (ਗੁਰੂ ਗ੍ਰੰਥ ਸਾਹਿਬ, ਪੰਨਾ : 411) – ਤ੍ਰਿਸ਼ਨਾ ਵੱਸ ਮਨੁੱਖ ਦਾ ਮਨ ਦਰ-ਬਦਰ, ਹਰ ਦਰਵਾਜ਼ੇ 'ਤੇ ਘੁੰਮਦਾ ਰਹਿੰਦਾ ਹੈ। ਲਾਲਚੀ ਬਿਰਤੀ ਕਾਰਨ ਮਨੁੱਖ ਹੋ ਕੇ ਵੀ ਆਤਮਕ ਤੌਰ 'ਤੇ ਕੁੱਤਾ ਬਣਿਆ ਰਹਿੰਦਾ ਹੈ।

2. **ਬਿਨੁ ਸਿਮਰਨ ਗਰਧਭ ਕੀ ਨਿਆਈ** (ਗੁਰੂ ਗ੍ਰੰਥ ਸਾਹਿਬ, ਪੰਨਾ : 239) – ਰੱਬੀ ਗੁਣਾਂ ਤੋਂ ਵਿਹੂਣਾ ਮਨੁੱਖ ਦਾ ਜੀਵਨ ਖੋਤੇ ਦੇ ਸਮਾਨ ਹੈ, ਜੋ ਆਪਣੀ ਮਤ ਵਿਚ ਅਵਗੁਣਾਂ ਦਾ ਭਾਰ ਢੋਂਦਾ ਰਹਿੰਦਾ ਹੈ। ਇਸ ਲਈ ਤੂੰ ਮਨੁੱਖ ਹੋ ਕੇ ਖੋਤਾ ਨਾ ਬਣ।

3. **ਜੋ ਨ ਸੁਨਹਿ ਜਸੁ ਪਰਮਾਨੰਦਾ ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ।।** (ਗੁਰੂ ਗ੍ਰੰਥ ਸਾਹਿਬ, ਪੰਨਾ : 188) – ਜੋ ਮਨੁੱਖ ਰੱਬੀ ਗੁਣਾਂ ਅਨੁਸਾਰ ਨਹੀਂ ਜਿਉਂਦੇ ਉਨ੍ਹਾਂ ਦਾ ਜੀਵਨ ਪਸ਼ੂ-ਪੰਛੀ, ਕੀੜਿਆਂ ਤੋਂ ਵੀ ਨੀਵਾਂ ਹੈ, ਇਸ ਕਰਕੇ ਤੂੰ ਐਸਾ ਨਾ ਬਣ।

ਗੁਰੂ ਗ੍ਰੰਥ ਸਾਹਿਬ 'ਚ ਐਸੇ ਪ੍ਰਮਾਣਾਂ ਰਾਹੀਂ ਹੋਰ ਜੂਨੀਆਂ ਵਾਲੇ ਮਾੜੇ ਕਰਮਾਂ ਤੋਂ ਸੁਚੇਤ ਕਰਾਇਆ ਹੈ ਅਤੇ ਚੰਗੇ ਗੁਣ ਅਪਨਾਉਣ ਲਈ ਪ੍ਰੇਰਣਾ ਦਿੱਤੀ ਹੈ :-

1. **ਸੁਆਮੀ ਕੋ ਗ੍ਰਿਹੁ ਜਿਉ ਸਦਾ ਸੁਆਨ ਤਜਤ ਨਹੀ ਨਿਤ।।** (ਗੁਰੂ ਗ੍ਰੰਥ ਸਾਹਿਬ, ਪੰਨਾ : 1428)– ਜਿਵੇਂ ਕੁੱਤਾ ਮਾਲਿਕ ਦਾ ਦਰ ਨਹੀਂ ਛੱਡਦਾ, ਉਵੇਂ ਤੂੰ ਵੀ ਹਰ ਹਾਲ ਵਿਚ ਰੱਬੀ ਗੁਣਾਂ ਵਾਲੇ ਜੀਵਨ ਤੋਂ ਮੁਨਕਰ ਨਾ ਹੋ।

2. **ਕਾਗਹੁ ਹੰਸੁ ਕਰੇਇ–** ਐ ਮਨੁੱਖ, ਤੂੰ ਕਾਂ ਬਿਰਤੀ ਤੋਂ ਹੰਸ ਬਿਰਤੀ ਬਣਨਾ ਹੈ ਤੇ ਉਹ ਬਿਰਤੀ ਸਤਿਗੁਰ (ਸੱਚ ਦੇ ਗਿਆਨ) ਰਾਹੀਂ ਪ੍ਰਾਪਤ ਹੁੰਦੀ ਹੈ।